ੴ

ਮਾਸਕ ਪੱਤਰ


# ਸੂਰਾ

ਅੰਮ੍ਰਿਤਸਰ

## ਮੁਗ਼ਲ ਰਾਜ ਸਮੇਂ ਦੇ ਜ਼ੁਲਮ

ਸਿਖੀ ਸਿਦਕ ਖ਼ਾਤਰ ਚਰਖੜੀਆਂ ਦੇ ਦੰਦਿਆਂ ਉਪਰ ਤੂੰਬਾ ਤੂੰਬਾ ਹੋ ਗਏ

ਅਗਸਤ ੧੯੮੪



AUG 1984

ਭਾਈ ਸ਼ਾਹਬਾਜ਼ ਸਿੰਘ ਤੇ ਸੁਬੇਗ ਸਿੰਘ ਜੀ

www.AKJ.Org

ਡੀ. ਪੀ. ਆਈ. ਪੰਜਾਬ ਵਲੋਂ ਚਿਠੀ ਨੰ: ੧-੭੦-੬੮-੨੧ ਮਿਤੀ ੧੭-੧੦-੬੮ ਅ. ਪ. ਅਨੁਸਾਰ
'ਸੂਰਾ' ਮਾਸਕ ਪੱਤਰ ਕਾਲਜਾਂ, ਸਕੂਲਾਂ ਅਤੇ ਸਮਾਜਿਕ ਸਿਖਿਆ ਕੇਂਦਰਾਂ ਦੀਆਂ ਲਾਇਬਰੇਰੀਆਂ ਲਈ ਪਰਵਾਨ ਹੈ ।

# ਤਤਕਰਾ


| | | |
|---|---|---|
| ਖਿਨ ਮਹਿ ਹੋਇ ਜਾਇ ਭਸਮੰਤ | ੩ | ਸੁਖਮਨੀ ਸਾਹਿਬ |
| ਸ੍ਰੀ ਦਸਮੇਸ਼ ਗੁਰੂ ਪਾਤਸ਼ਾਹ ਦਾ ਉੱਚਾ ਸੁੱਚਾ ਆਦਰਸ਼ | ੪ | ਭਾ: ਸਾ: ਭਾਈ ਰਣਧੀਰ ਸਿੰਘ ਜੀ |
| ਭਾਈ ਸੁਬੇਗ ਸਿੰਘ ਸ਼ਾਹਬਾਜ਼ ਸਿੰਘ ਜੀ ਸ਼ਹੀਦ | ੬ | ਗਿਆਨੀ ਭਜਨ ਸਿੰਘ ਜੀ |
| ਸਵਾਧੀਨਤਾ | ੯ | ਡਾਕਟਰ ਤਾਰਨ ਸਿੰਘ ਜੀ |
| ਅਕਾਲੀ ਕੌਰ ਸਿੰਘ ਜੀ—ਗੁਰਮਤਿ ਪ੍ਰਚਾਰ ਤੇ ਜਥੇਦਾਰੀ | ੧੦ | ਸ: ਅਤਰ ਸਿੰਘ ਜੀ |
| ਸੇਵਕ ਕੀ ਓੜਕਿ ਨਿਬਹੀ ਪ੍ਰੀਤਿ | ੧੩ | ਭਾਈ ਹਰਿਭਜਨ ਸਿੰਘ ਜੀ |
| ਸਿਖ ਕੌਮ ਤੇ ਗੁਰਦਵਾਰਾ ਸਾਹਿਬ | ੨੨ | ਕੈਪਟਨ ਸਵਰਨ ਸਿੰਘ ਜੀ |
| ਗੁਰ-ਪਰਸਾਦੁ | ੨੩ | ਪ੍ਰੋਫੈਸਰ ਗੁਰਮੁਖ ਸਿੰਘ ਜੀ |
| ਕਬੀਰ ਜੋਰੁ ਕੀਆ ਸੋ ਜੁਲਮ ਹੈ | ੨੭ | ਸੰਪਾਦਕ |
| ਅਖੰਡ ਕੀਰਤਨੀ ਜਥਾ—ਆਸ਼ੇ ਤੇ ਮੰਤਵ | ੩੦ | ਰੋਜ਼ਾਨਾ ਅਜੀਤ |
| ਪੰਥਕ ਖ਼ਬਰਾਂ | ੩੧ | ਅਖ਼ਬਾਰਾਂ ਦੀ ਜ਼ਬਾਨੀ |
| ਅਕਾਲ ਤਖ਼ਤ ਸੰਬੰਧੀ ਖੋਜ | ੩੬ | ਸ: ਸ਼ਮਸ਼ੇਰ ਸਿੰਘ ਜੀ ਅਸ਼ੋਕ |


ਸ੍ਰੀ ਗੁਰੂ ਗ੍ਰੰਥ ਸਾਹਿਬ ਪਹਿਲਾ ਪ੍ਰਕਾਸ਼ ੨੭ ਅਗਸਤ

ਸ੍ਰੀ ਗੁਰੂ ਅਰਜਨ ਦੇਵ ਜੀ ਗੁਰਿਆਈ ੨੮ ਅਗਸਤ — ਸ੍ਰੀ ਗੁਰੂ ਰਾਮਦਾਸ ਜੀ ਜੋਤੀ ਜੋਤਿ ੨੯ ਅਗਸਤ

## ਸੂਰਾ ਮਾਸਿਕ ਪੱਤਰ ਨੂੰ ਪੁੱਜੀ ਸਹਾਇਤਾ

| | | |
|---|---|---|
| ਸ: ਸ਼ੇਰ ਸਿੰਘ ਏ. ਐਸ. ਆਈ. | ਤਰੱਕੀ ਦੀ ਖੁਸ਼ੀ ਵਿਚ | ੨੧—੦੦ |
| ਸ: ਰਣਧੀਰ ਸਿੰਘ ਗਿਲ ਸਕੰਦਰਾਬਾਦ | ਸੂਰਾ ਦੀ ਚੜ੍ਹਦੀ ਕਲਾ ਲਈ | ੫—੦੦ |
| ਸ: ਜਗਰੂਪ ਸਿੰਘ ਫਿਰੋਜ਼ਪੁਰ ਸ਼ਹਿਰ | ਸੂਰਾ ਦੀ ਚੜ੍ਹਦੀ ਕਲਾ ਲਈ | ੫੧—੦੦ |
| ਸ: ਤਰਲੋਕ ਸਿੰਘ ਜਲੰਧਰ | ਮਾਤਾ ਜੀ ਦੇ ਅੰਤਮ ਭੋਗ ਸਮੇਂ | ੧੦੨—੦੦ |
| ਸ: ਹਰਬੰਸ ਸਿੰਘ ਜੀ ਅੰਮ੍ਰਿਤਸਰ | ਬੀਬੀ ਪਰਮਜੀਤ ਕੌਰ ਦੀ ਯਾਦ ਵਿਚ | ੨੫—੦੦ |
| ਬੀਬੀ ਮਹਿੰਦਰ ਕੌਰ ਅੰਮ੍ਰਿਤਸਰ | ਭਾ: ਹਰੀ ਸਿੰਘ ਸ਼ਹੀਦ (ਪਤੀ) ਦੀ ਸਾਲਾਨਾ ਯਾਦ ਵਿਚ | ੫੨—੦੦ |
| ਗਿ: ਗੁਰਚਰਨ ਸਿੰਘ ਚੱਕ ਕਲਾ | ਸੂਰਾ ਦੀ ਚੜ੍ਹਦੀ ਕਲਾ ਲਈ | ੫੦—੦੦ |
| ਬੀਬੀ ਸੁਸ਼ੀਲ ਕੌਰ ਨਵੀਂ ਦਿੱਲੀ | ਬੱਚੇ ਦੀ ਬਰਸੀ ਦੇ ਭੋਗ ਸਮੇਂ | ੧੧—੦੦ |

ਲਾਕਟ ਪ੍ਰਿੰਟਰਜ਼, ਬਜ਼ਾਰ ਬਾਬਾ ਭੌੜੀ ਵਾਲਾ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸਪਾਦਕ ਅਖੰਡ ਕੀਰਤਨੀ ਜਥੇ ਵਲੋਂ ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ ਤੋਂ ੮.੮.੮੪ ਨੂੰ ਪ੍ਰਕਾਸ਼ਤ ਕੀਤਾ
ਟੈਲੀਫੋਨ ਨੰਬਰ : 51847 ਘਰ 43094

www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥





**ਸਾਲਾਨਾ ਚੰਦਾ**

ਦੇਸ ੧੫-੦੦
ਇਕ ਪਰਚਾ ੧-੫੦

**ਪਰਦੇਸ**

ਸਮੁੰਦਰੀ ਡਾਕ ੩੫-੦੦

ਹਵਾਈ ਡਾਕ

ਅਰਬ, ਮਲਾਇਆ ੫੫-੦੦
ਯੂ. ਕੇ., ਅਫ਼ਰੀਕਾ ੭੫-੦੦
ਕੈਨੇਡਾ, ਅਮਰੀਕਾ ੯੦-੦੦

**ਅਮਾਨਤੀ**

**ਲਾਈਫ਼ ਮੈਂਬਰ**

ਦੇਸ ੧੫੦-੦੦
ਪਰਦੇਸ ੩੫੦-੦੦

ਹਵਾਈ ਡਾਕ

ਯੂ. ਕੇ. ਅਫਰੀਕਾ ੭੫੦-੦੦
ਕੈਨੇਡਾ, ਅਮਰੀਕਾ ੯੦੮-੦੦
ਅਰਬ ਮਲਾਇਆ ੫੫੮-੦੦



**ਅਖੰਡ ਕੀਰਤਨੀ ਜੱਥੇ ਵਲੋਂ ਨਿਰੋਲ ਗੁਰਮਤਿ ਮਾਸਕ ਪੱਤਰ**

ਜਿਲਦ ੧੯ | ਅਗਸਤ ੧੯੮੪ | ਅੰਕ ੮


## ਖਿਨ ਮਹਿ ਹੋਇ ਜਾਇ ਭਸਮੰਤੁ

ਧਨਵੰਤਾ ਹੋਇ ਕਰਿ ਗਰਬਾਵੈ ॥ ਤ੍ਰਿਣ ਸਮਾਨਿ ਕਛੁ ਸੰਗਿ ਨ ਜਾਵੈ ॥
ਬਹੁ ਲਸਕਰ ਮਾਨੁਖ ਊਪਰਿ ਕਰੇ ਆਸ ॥ ਪਲ ਭੀਤਰਿ ਤਾ ਕਾ ਹੋਇ ਬਿਨਾਸ ॥
ਸਭ ਤੇ ਆਪ ਜਾਨੈ ਬਲਵੰਤੁ ॥ ਖਿਨ ਮਹਿ ਹੋਇ ਜਾਇ ਭਸਮੰਤੁ ॥
ਕਿਸੈ ਨ ਬਦੈ ਆਪਿ ਅਹੰਕਾਰੀ ॥ ਧਰਮ ਰਾਇ ਤਿਸੁ ਕਰੇ ਖੁਆਰੀ ॥
ਗੁਰ ਪ੍ਰਸਾਦਿ ਜਾ ਕਾ ਮਿਟੈ ਅਭਿਮਾਨੁ ॥ ਸੋ ਜਨੁ ਨਾਨਕ ਦਰਗਹ ਪਰਵਾਨੁ ॥੨॥੧੨॥

**ਨੀਕੀ ਕੀਰੀ ਮਹਿ ਕਲ ਰਾਖੈ ॥**
**ਭਸਮ ਕਰੈ ਲਸਕਰ ਕੋਟਿ ਲਾਖੈ ॥੫॥੧੭॥**

[ਗਉੜੀ ਸੁਖਮਨੀ ਮਹਲਾ ੫




www.AKJ.Org

# ਸ੍ਰੀ ਦਸਮੇਸ਼ ਗੁਰੂ ਪਾਤਸ਼ਾਹ ਦਾ ਉੱਚਾ ਸੁੱਚਾ ਆਦਰਸ਼

[ਗੁਰਪੁਰਵਾਸੀ ਭਾ: ਸਾ: ਭਾਈ ਰਣਧੀਰ ਸਿੰਘ ਜੀ]

ਇਹ ਕਹਿਣਾ ਬਿਲਕੁਲ ਲਗਵ (ਬੇਹੂਦਾ) ਹੈ, ਜੈਸਾ ਕਿ ਆਮ ਕਹਾਵਤ ਵਿਚ ਕਿਹਾ ਜਾਂਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦਸਵੇਂ ਪਾਤਸ਼ਾਹ ਕੇਵਲ ਹਿੰਦੂ ਧਰਮ ਰਖਸ਼ਕ ਸਨ ਅਤੇ ਹਿੰਦੂ ਧਰਮ ਦੇ ਹੀ ਗਦੀ ਪੀਰ ਸਦਾਂਵਦੇ ਸਨ ।

ਆਪੋ ਆਪਣੇ ਖ਼ਿਆਲਾਂ ਅਨੁਸਾਰ ਕੋਈ ਕੁਛ ਕਹਿੰਦਾ ਫਿਰੇ, ਪਰੰਤੂ ਹੱਕ ਤਾਂ ਏਸ ਗੱਲ ਵਿਚ ਹੈ ਕਿ ਗੁਰੂ ਦਸਮੇਸ਼ ਪਾਤਸ਼ਾਹ ਹੱਕ-ਪ੍ਰਸਤ ਅਤੇ ਹੱਕ ਦੇ ਮੁਤਲਾਸ਼ੀਆਂ ਦੇ ਸੱਚੇ ਰਹਿਬਰ ਸਨ । ਉਨ੍ਹਾਂ ਦੇ ਪਾਸ ਜੋ ਸ਼ਖਸ ਭੀ ਹੱਕ-ਜੋਇੰਦਾ (ਸੱਚ ਦਾ ਢੂੰਡਾਊ) ਬਣ ਕੇ ਆਇਆ, ਉਸ ਨੂੰ ਹੀ ਸੱਚੇ ਪਾਤਸ਼ਾਹ ਨੇ ਹੱਕ-ਪ੍ਰਸਤ ਬਣਾ ਦਿਤਾ ਅਤੇ ਖ਼ੁਦਾਵੰਦ ਸੱਚੇ ਵਾਹਿਗੁਰੂ ਦੇ ਲੜ ਲਾਇਆ । ਗਹਿਰ ਗੰਭੀਰੇ ਮੱਚਦੇ ਜੰਗ ਸਮੇਂ ਭੀ ਗੁਰੂ ਸੱਚੇ ਪਾਤਸ਼ਾਹ ਨੇ ਧਰਮੀ ਲੋਕਾਂ ਦਾ ਅੰਗ ਪਾਲਿਆ ਅਤੇ ਰਾਜਸੀ ਰੁਹਬ ਦਾਬ ਦੀ ਕੁਛ ਪ੍ਰਵਾਹ ਨਹੀਂ ਕੀਤੀ ।

ਮੱਚਦੇ ਘੋਰ ਜੰਗ ਵਿਚ ਇਕ ਮੁਸਲਮਾਨੀ ਜਰਨੈਲ ਸੈਦ ਬੇਗ ਮੁਸਲਮਾਨੀ ਫ਼ੌਜ ਵਿਚੋਂ ਨਿੱਖੜ ਕੇ ਸਿਰਫ਼ ਗੁਰੂ ਦਸਮੇਸ਼ ਜੀ ਦੇ ਦਰਸ਼ਨਾਂ ਨੂੰ ਆਇਆ । ਅੰਤਰਜਾਮੀ ਗੁਰੂ ਜੀ ਨੇ ਉਸ ਦੀ ਸੱਚੀ ਹੁੱਬ ਪਛਾਣ ਕੇ ਉਸ ਜਰਨੈਲ ਨੂੰ ਇਕ ਅਕਾਲ ਪੁਰਖ ਦਾ ਅਜਿਹਾ ਆਸ਼ਕ ਅਤੇ ਸੱਚਾ ਮਸਤਾਨਾ ਬਣਾ ਦਿੱਤਾ ਕਿ ਉਹ ਯੁਧ-ਭੂਮੀ ਛਡ ਕੇ ਅਤੇ ਮੁਸਲਮਾਨੀ ਫ਼ੌਜ ਦੀ ਸਿਪਾਹ-ਸਾਲਾਰੀ ਤਿਆਗ ਕੇ, ਇਕ ਅਕਾਲ ਪੁਰਖ ਦਾ ਸੱਚਾ ਆਸ਼ਕ-ਉਪਾਸ਼ਕ ਬਣ ਗਿਆ । ਬੁੱਧੂ ਸ਼ਾਹ ਸਢੌਰੇ ਵਾਲੇ ਨੇ ਆਪਣੀ ਸਾਰੀ ਅੰਸ ਬੰਸ ਗੁਰੂ ਦਸਮੇਸ਼ ਜੀ ਦੇ ਸੱਚੇ ਉਪਦੇਸ਼ ਵਿਟਹੁ ਕੁਰਬਾਨ ਕਰ ਦਿਤੀ ।

ਬਾਈ ਧਾਰ ਦੇ ਸਮੱਗਰ ਹਿੰਦੂ ਰਾਜੇ, ਜੋ ਉਸ ਸਮੇਂ ਦੀ ਰਾਜ-ਗਰਦੀ ਦੇ ਦੁਬੈਲ ਬਣੇ ਹੋਏ ਸਨ, ਗੁਰੂ ਦਸਮੇਸ਼ ਜੀ ਦੇ ਨਜ਼ਰ-ਪਾਤਰ ਨਾ ਹੀ ਬਣੇ । ਨਾ ਹੀ ਉਨ੍ਹਾਂ (ਪਹਾੜੀ) ਰਾਜਿਆਂ ਨੇ ਗੁਰੂ ਸਾਹਿਬ ਜੀ ਦੇ ਉਪਦੇਸ਼ ਉਦੇਸ਼ ਦੁਆਰਾ ਬੁੱਤ-ਪ੍ਰਸਤੀ ਛੱਡੀ ਅਤੇ ਨਾ ਹੀ ਉਨ੍ਹਾਂ ਨੇ ਮੁਸਲਮਾਨੀ ਰਾਜਿਆਂ ਦਾ ਦੁਬੈਲ-ਪੁਣਾ ਤਿਆਗਿਆ । ਏਥੋਂ ਤਕ ਕਿ ਗੁਰੂ ਦਸਮੇਸ਼ ਜੀ ਦਾ ਸੱਚਾ ਦਰਸਾਇਆ ਧਰਮ ਭੀ ਧਾਰਨੋਂ ਮੁਨਕਰ ਹੋ ਗਏ । ਗੁਰੂ ਦਸਮੇਸ਼ ਸੱਚੇ ਪਾਤਸ਼ਾਹ ਦਾ ਸੱਚਾ ਆਦਰਸ਼ ਪ੍ਰਾਣੀ ਮਾਤ੍ਰ ਨੂੰ ਰਾਹਿ-ਰਾਸਤ ਤੇ ਲਿਆਉਣ ਦਾ ਸੀ । ਬਿਨਾਂ ਜ਼ਾਤ ਪਾਤ ਦੇ ਵਿਤਕਰੇ ਅਤੇ ਦਿਖਾਵੇ ਦੇ ਗੁਰੂ ਸਾਹਿਬ ਨੇ ਅਮਲੀ ਤੌਰ ਪਰ ਕਰ ਕੇ ਦਿਖਾਇਆ, ਪਰੰਤੂ ਜ਼ਾਤ ਅਭਿਮਾਨੀ ਪਹਾੜੀ ਰਾਜਿਆਂ ਨੂੰ ਗੁਰੂ ਦਸਮੇਸ਼ ਜੀ ਦੇ ਸੱਚੇ ਸੁੱਚੇ ਉਪਦੇਸ਼ ਦੀ ਇਹ ਤਾਲੀਮ ਮਨਜ਼ੂਰ ਨਹੀਂ ਸੀ । ਉਹ ਮੰਨਣੋਂ ਮੁਨਹਰਫ਼ (ਮੁਨਕਰ) ਹੋ ਗਏ । ਨਾ ਹੀ ਉਨ੍ਹਾਂ ਨੇ ਰਾਜ-ਗਰਦੀ ਦਾ ਸਾਥ ਤਿਆਗਿਆ ਅਤੇ ਨਾ ਹੀ ਬੁੱਤ-ਪ੍ਰਸਤੀ ਅਤੇ ਮੜ੍ਹਾ-ਪ੍ਰਸਤੀ ਦੀ ਬਿਦਅਤ ਤਿਆਗੀ । ਤਾਂ ਤੇ ਤਿਨ੍ਹਾਂ ਮੁਨਹਰਫ਼ ਹਿੰਦੂ ਰਾਜਿਆਂ ਨੇ ਆਪਣਾ ਕੀਤਾ ਪਾਇਆ, ਪਾਉਣਾ ਹੀ ਸੀ । ਜੋ ਪੁਰਸ਼ ਗੁਰੂ ਦਸਮੇਸ਼ ਸਾਰਖੇ ਬੇਗ਼ਰਜ਼ ਅਤੇ ਪਰਉਪਕਾਰੀ ਵਡ ਪੁਰਖਾਂ ਦਾ ਕਿਹਾ ਨਹੀਂ ਮੰਨਦੇ ਉਨ੍ਹਾਂ ਦੀ ਅਵੱਸ਼ ਇਹੋ ਹਾਲਤ ਹੋਣੀ ਸੀ, ਜੈਸੀ ਕਿ ਪਹਾੜੀ ਰਾਜਿਆਂ ਦੀ ਹੋਈ ਹੈ । ਜੈਸੇ ਕਿ ਸ੍ਰੀ ਦਸਮੇਸ਼ ਜੀ ਜ਼ੁਲਮੀ ਰਾਜ ਸਮਾਜ ਦੇ ਸੱਚੇ ਬੇਖ਼ਕੁਨ (ਉਜਰਈਏ) ਹੋਏ ਐਸਾ ਨਾ ਕੋਈ ਹੋਇਆ ਹੈ ਅਤੇ ਨਾ ਕੋਈ ਹੋਣਾ ਹੈ । ਹਾਦੀਆਂ ਸਿਰ ਹਾਦੀ (ਰਾਹ ਦਸਣ ਵਾਲਾ) ਅਤੇ ਅਵਤਾਰਾਂ ਸਿਰ ਗੁਰੂ ਅਵਤਾਰ ਸ੍ਰੀ ਦਸਮੇਸ਼ ਜੀ ਮਹਾਰਾਜ ਆਪਣੀ ਯਕਤਾਨੀਅਤ ਵਿਚ ਹੋਏ (ਭਾਵ ਆਪਣੀ ਮਿਸਾਲ ਆਪ ਹੀ ਹੋਏ) । ਗੁਰੂ ਦਸਮੇਸ਼ ਜੀ ਨੇ ਆਪਣੇ ਦਰਸਾਏ ਪੰਥ ਉਤੇ ਚੱਲਣਹਾਰੇ ਸਿੰਘ-ਉਪਾਸ਼ਕਾਂ ਨੂੰ ਕੇਵਲ ਇਹ ਭੇਤ ਦਰਸਾਇਆ ਕਿ ਹਰ ਹਾਲਤ ਵਿਚ ਰਾਸਤਗੋਈ (ਸਚਿਆਈ) ਅਤੇ ਹੱਕ-ਸ਼ਨਾਸੀ (ਸੱਚ ਦੀ ਪਛਾਣ) ਉੱਤੇ ਚੱਲਣਾ ਹੈ ਅਤੇ ਕਿਸੇ ਦਾ ਦੁਬੈਲ ਨਹੀਂ ਬਣਨਾ, ਚਾਹੇ ਉਹ ਕਿਤਨਾ ਹੀ ਆਪਣੇ ਆਪ ਨੂੰ ਨਵੀਨ ਅਤੇ ਪ੍ਰਾਚੀਨ ਰਾਜਗਰਦੀ ਦਾ ਨੇਤਾ ਕਿਉਂ ਨਾ ਸਦਾਏ ।

ਸੱਚੇ ਪਾਤਸ਼ਾਹ ਗੁਰੂ ਦਸਮੇਸ਼ ਜੀ ਸਾਹਿਬ ਨੇ ਆਪਣੇ ਜ਼ਫ਼ਰਨਾਮੇ ਵਿਚ (ਜੋ ਉਨ੍ਹਾਂ ਨੇ ਔਰੰਗਜ਼ੇਬ ਨੂੰ ਲਿਖ


www.AKJ.Org

ਕ ਭੇਜਿਆ), ਦਰਸਾਏ ਏਸ ਹੁਕਮ ਅਨੁਸਾਰ :—

*ਮਨਮ ਕੁਸ਼ਤਾ-ਅਮ ਕੋਹੀਆਂ ਬੁਤਪ੍ਰਸਤ ॥
ਕਿ ਆਂ ਬੁੱਤ-ਪ੍ਰਸਤੰਦੋ ਮਨ ਬੁੱਤ-ਸ਼ਿਕਸਤ ॥੯੨॥ ਜ਼ਫ਼ਰਨਾਮਾ ਪਾਤਸ਼ਾਹੀ ੧੦

ਅਮਲੀ ਤੌਰ ਤੇ ਸਰਬੱਤਰ ਪਹਾੜੀ ਰਾਜਿਆਂ ਦੇ ਫ਼ਰੇਬ ਭਰੇ ਮਕਰ ਨੂੰ ਬੇਖ਼ੌਫ਼ ਅਤੇ ਬੇਪਰਵਾਹ ਹੋ ਕੇ ਤਬਾਹ ਕੀਤਾ ਤੇ ਰੰਚਕ ਮਾਤਰ ਭੀ ਕਿਸੇ ਦੀ ਕਾਨ-ਕਣੌਡ ਨਹੀਂ ਰੱਖੀ। ਪਰੰਤੂ ਬੜੇ ਅਫ਼ਸੋਸ ਨਾਲ ਕਹਿਣਾ ਪੈਂਦਾ ਹੈ ਕਿ ਅੱਜ ਕੱਲ੍ਹ ਦੇ ਨਵੀਨ ਸਿੱਖ ਨੇਤਾ [ਜੋ ਆਪਣੇ ਆਪ ਨੂੰ ਸ੍ਰੀ ਦਸਮੇਸ਼ ਜੀ ਦੇ ਨਕਸ਼ੇ ਪਾ (ਪੈਰ-ਚਿੰਨ੍ਹਾਂ) ਉਤੇ ਚੱਲਣ ਦਾ ਦਾਅਵਾ ਕਰਦੇ ਹਨ] ਇਕ ਮਾਮੂਲੀ ਜਿਹੇ ਰਾਜ-ਸਾਜ਼ੀ ਪੰਡਤ ਕਹਾਉਣ ਵਾਲੇ ਆਗੂ ਤੋਂ ਡਰਦੇ ਮਾਰੇ ਲਰਜ਼ਸ਼ ਅਤੇ ਕਾਂਪ ਖਾ ਕੇ ਅਜਿਹਾ ਪ੍ਰਗਟ ਕਰਨੋਂ ਭੀ ਨਹੀਂ ਸੰਕੋਚਦੇ ਕਿ ਸਿੱਖ ਕੇਵਲ ਹਿੰਦੂ ਰਾਜ ਦੇ ਹਮਾਇਤੀ ਹਨ ਅਤੇ ਹਿੰਦੂ ਧਰਮ ਦੇ ਰਖਸ਼ਕ ਹਨ। ਹਾਲਾਂਕਿ ਸਿੱਖਾਂ ਦੇ ਸੱਚੇ ਹਾਦੀ ਗੁਰੂ ਦਸਮੇਸ਼ ਜੀ ਸੱਚੇ ਪਾਤਸ਼ਾਹ ਦੀ ਇਹ ਹਦਾਇਤ ਹੈ ਕਿ ਮੇਰਾ ਸੱਚਾ ਸਿੱਖ ਕੇਵਲ ਉਹ ਹੀ ਹੋਵੇਗਾ ਜੋ ਕਿਸੇ ਵੀ ਜਰਵਾਣੇ ਦੀ ਕਾਣ-ਕਣੌਡ ਨਾ ਮੰਨਦਾ ਹੋਇਆ ਸਿਰਫ਼ ਸੱਚੇ ਮਾਰਗ ਤੇ ਹੀ ਚਲੇਗਾ। ਸ੍ਰੀ ਗੁਰੂ ਦਸਮੇਸ਼ ਜੀ ਦਾ ਸਾਜਿਆ ਨਿਵਾਜਿਆ ਸਿੰਘ ਸੂਜਨ ਜ਼ੁਲਮ ਅਤੇ ਜ਼ਾਲਮ ਦੀ ਜੜ ਉਖਾੜ ਸੁਟਣ ਵਿਚ ਸਭ ਤੋਂ ਮੋਹਰੀ ਹੋਵੇਗਾ। ਉਸ ਨੂੰ ਕਿਸੇ ਵੀ ਪਖੰਡੀ ਧਰਮ ਮਿਲਤ ਦੀ ਕਾਣ-ਕਣੌਡ ਨਹੀਂ ਹੋਵੇਗੀ। ਸ੍ਰੀ ਦਸਮੇਸ਼ ਜੀ ਦੇ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਕਸ਼ਮੀਰੀ ਮਜ਼ਲੂਮਾਂ ਤੇ ਹੋ ਰਹੇ ਜ਼ੁਲਮ ਦੀ ਸੋਇ ਨਾ ਸਹਾਰ ਕੇ ਅਦੁੱਤੀ ਕੁਰਬਾਨੀ ਕੀਤੀ, ਨਾ ਕਿ ਹਿੰਦੂ ਧਰਮ ਦੀ ਰਖਸ਼ਾ ਮਈ ਪ੍ਰਪਾਟੀ ਚਲਾਈ। ਗੁਰੂ ਦਸਮੇਸ਼ ਪਾਤਸ਼ਾਹ ਜੀ ਨੇ ਸੱਚ ਮੁੱਚ ਇਸ ਆਪਣੇ ਫ਼ੁਰਮਾਨ ਨੂੰ ਅਮਲੀ ਜਾਮਾ ਪਹਿਨਾਇਆ ਅਤੇ ਤਿਆਰ ਬਰਤਿਆਰ ਖ਼ਾਲਸੇ ਨੂੰ ਦ੍ਰਿੜ੍ਹਾਇਆ ਕਿ :—

ਜਬ ਲਗ ਖਾਲਸਾ ਰਹੇ ਨਿਆਰਾ ॥ ਤਬ ਲਗ ਤੇਜ ਦੀਉ ਮੈਂ ਸਾਰਾ ॥
ਜਬ ਇਹ ਗਹੈ ਬਿਪਰਨ ਕੀ ਰੀਤ ॥ ਮੈਂ ਨ ਕਰੋਂ ਇਨ ਕੀ ਪ੍ਰਤੀਤ ॥ ਸਰਬ ਲੋਹ ਗ੍ਰੰਥ

ਇਹ ਕੇਵਲ ਬੇਦੀਨੇ, ਈਨ-ਹੀਣੇ, ਖੁਸ਼ਾਮਦੀ ਸ਼ੁਹਰਤ-ਪ੍ਰਸਤ, ਆਪੇਂ ਬਣ ਬੈਠੇ ਸਿੱਖ ਧਰਮ ਦੇ ਆਗੂਆਂ ਦਾ ਹੀ ਵਤੀਰਾ ਹੈ ਕਿ ਇੱਕ ਅਨਮਤੀ ਬਿਪਰ ਦੀ ਚਾਰ ਦਿਵਸੀ ਰਾਜ-ਸਾਜ-ਘੜਤਨੀ-ਬਿਔਂਤ ਤੋਂ ਡਰਦੇ ਮਾਰੇ ਆਪਣੇ ਆਪ ਨੂੰ ਹਿੰਦੂ ਧਰਮ ਦਾ ਰਖਸ਼ਕ ਗਰਦਾਨੀ ਫਿਰਦੇ ਹਨ। ਗੁਰੂ ਦਸਮੇਸ਼ ਪਾਤਸ਼ਾਹ ਨੇ ਆਪਣੇ ਸੱਚੇ ਅਤੇ ਸੁੱਚੇ ਉਪਦੇਸ਼ ਉਦੇਸ਼ ਅਨੁਸਾਰ ਗੁਰਸਿਖਾਂ ਪ੍ਰਤੀ ਇਹ ਸੱਬਕ ਸਿਖਾਇਆ ਕਿ ਕਿਸੇ ਮਲਨ ਅਤੇ ਮਲੀਨ ਬੁੱਧੀ ਵਾਲੇ ਆਗੂ ਦੀ ਈਨ ਨਹੀਂ ਮੰਨਣੀ, ਚਾਹੇ ਉਹ ਆਪਣੇ ਆਪ ਨੂੰ ਕਿਤਨਾ ਹੀ ਵਡ-ਵਡੇਰੂ ਕਹਾਉਂਦਾ ਫਿਰੇ। ਬੇਧੜਕ ਗੁਰੂ ਗੋਬਿੰਦ ਸਿੰਘ ਜੀ ਸੱਚੇ ਪਾਤਸ਼ਾਹ ਨੇ ਨਾ ਹੀ ਤਅੱਸਬ-ਗ੍ਰਸੇ ਤੁਰਕ (ਸੰਸਾਰੀ) ਬਾਦਸ਼ਾਹਾਂ ਦੀ ਈਨ ਮੰਨੀ ਅਤੇ ਨਾ ਹੀ ਹਿੰਦੂ ਰਾਜਿਆਂ ਦਾ ਹਿੰਦੂ-ਪਨ ਮਿਲਗੋਭਾ ਸਹਾਰਿਆ। ਬਲਕਿ ਜਿਥੇ ਸ੍ਰੀ ਦਸਮੇਸ਼ ਜੀ ਨੇ ਤੁਰਕਾਂ ਨੂੰ ਤੁਰਕੀ-ਬ-ਤੁਰਕੀ ਵੰਗਾਰ ਕੇ ਮਾਰ ਪਛਾੜਿਆ, ਤਿਥੇ ਹਿੰਦੂ ਰਾਜਿਆਂ ਨੂੰ ਭੀ ਸੱਚੀ ਸੁੱਚੀ ਨਸੀਹਤ ਦੇ ਕੇ ਇਹੋ ਸਮਾਲੋਚਨਾ ਕੀਤੀ ਕਿ ਕਰਮ ਧਰਮ ਉੱਤੇ ਚਲਣ ਦੇ ਆਦੀ ਬਣਨ, ਨਹੀਂ ਤਾਂ ਮੂੰਹ ਦੀ ਖਾਣਗੇ। ਬਦ-ਨਸੀਬ ਹਿੰਦੂ ਪਹਾੜੀ ਰਾਜਿਆਂ ਨੂੰ ਗੁਰੂ ਸਾਹਿਬ ਦੀ ਇਹ ਨਸੀਹਤ ਮਨਜ਼ੂਰ ਨਹੀਂ ਸੀ, ਤਾਂ ਉਨ੍ਹਾਂ ਨੇ ਮੂੰਹ ਦੀ ਖਾਧੀ ਅਤੇ ਆਪਣਾ ਕੀਤਾ ਆਪ ਪਾਇਆ। ਗੁਰੂ ਦਸਮੇਸ਼ ਜੀ ਸੱਚੇ ਅਵਤਾਰ ਗੁਰੂ ਨੇ, ਸ਼ੱਚ ਮੁੱਚ ਆਪਣੇ ਏਸ ਅਗਲੇਰੇ ਉਪਦੇਸ਼ ਨੂੰ ਅਮਲੀ ਜਾਮਾ ਪਹਿਨਾਇਆ। ਯਥਾ ਗੁਰੂ ਦਸਮੇਸ਼ ਵਾਕ :—

ਕਹਿਓ ਪ੍ਰਭੂ ਸੁ ਭਾਖਿ ਹੋਂ ॥ ਕਿਸੂ ਨ ਕਾਨਿ ਰਾਖਿ ਹੋਂ ॥
ਕਿਸੂ ਨ ਭੇਖ ਭੀਜ ਹੋਂ ॥ ਅਲੇਖ ਬੀਜ ਬੀਜ ਹੋਂ ॥੩੪॥
ਪਖਾਣ ਪੂਜ ਹੋਂ ਨਹੀਂ ॥ ਨ ਭੇਖ ਭੀਜ ਹੋਂ ਕਹੀਂ ॥
ਅਨੰਤ ਨਾਮ ਗਾਇ ਹੋਂ ॥ ਪਰਮ ਪੁਰਖ ਪਾਇ ਹੋਂ ॥੩੫॥ ਬਚਿਤ੍ਰ ਨਾਟਕ, ਅਧਿਆਇ ੬

['ਗੁਰਮਤਿ ਪ੍ਰਕਾਸ਼' ਪੁਸਤਕ ਵਿਚੋਂ

* ਮੈਂ ਬੁੱਤ-ਪੂਜ ਪਹਾੜੀਆਂ ਦਾ ਨਾਸ਼ ਕਰਨ ਵਾਲਾ ਹਾਂ, ਕਿਉਂਕਿ ਉਹ ਬੁੱਤ-ਪ੍ਰਸਤ ਹਨ, ਤੇ ਮੈਂ ਬੁੱਤ-ਤੋੜਨ ਵਾਲਾ।

www.AKJ.Org

# ਭਾਈ ਸੁਬੇਗ ਸਿੰਘ ਸ਼ਾਹਬਾਜ਼ ਸਿੰਘ ਸ਼ਹੀਦ

[ਵਲੋਂ—ਗਿਆਨੀ ਭਜਨ ਸਿੰਘ ਜੀ]

੧੭੪੯ ਈ: ਸੰਨ ਸਿਖ ਇਤਿਹਾਸ ਵਿਚ ਖ਼ਾਸ ਮਹਾਨਤਾ ਭਰਿਆ ਸਾਲ ਹੈ। ਇਸੇ ਸਾਲ ਸਿੰਘਾਂ ਦੇ ਬਾਰ੍ਹਾਂ ਜਥੇ ਬਣਾ ਕੇ ਉਹਨਾਂ ਨੂੰ ਬਾਰ੍ਹਾਂ ਮਿਸਲਾਂ ਦਾ ਨਾਮ ਦਿੱਤਾ ਗਿਆ ਤੇ ਸਾਰਿਆਂ ਨੂੰ ਸਾਂਝੇ ਤੌਰ ਤੇ 'ਦਲ ਖਾਲਸਾ' ਦਾ ਨਾਮ ਦਿੱਤਾ ਗਿਆ। ਇਕ ਪਾਸੇ ਸਿੰਘ ਇਤਨੇ ਜਥੇਬੰਦ ਹੋ ਰਹੇ ਸਨ ਤੇ ਦੂਜੇ ਪਾਸੇ ਜ਼ੁਲਮ ਵੀ ਆਪਣੀਆਂ ਸਿਖਰਾਂ ਛੋਹ ਰਿਹਾ ਸੀ। ਲਾਹੌਰ ਦੇ ਜ਼ਾਲਮ ਹਾਕਮਾਂ ਨੇ ਇਸੇ ਸਾਲ ਦੋ ਮਹਾਨ ਸ਼ਖ਼ਸੀਅਤਾਂ, ਜਿਨ੍ਹਾਂ ਦਾ ਆਪਸ ਵਿਚ ਦੁਨਿਆਵੀ ਰਿਸ਼ਤਾ ਪਿਉ ਪੁਤਰ ਦਾ ਸੀ, ਨੂੰ ਲਾਹੌਰ ਲਿਆ ਕੇ ਚਰਖੜੀ ਤੇ ਚਾੜ੍ਹ ਦਿੱਤਾ ਤੇ ਇਉਂ ਸ: ਸੁਬੇਗ ਸਿੰਘ ਤੇ ਸ਼ਾਹਬਾਜ਼ ਸਿੰਘ ਨੂੰ ਸਿਖ ਸ਼ਹੀਦਾਂ ਦੀ ਲੜੀ ਵਿਚ ਅਮਰ ਥਾਂ ਪ੍ਰਾਪਤ ਹੋ ਗਈ।

ਸ: ਸੁਬੇਗ ਸਿੰਘ ਲਾਹੌਰ ਤੋਂ ਕੁਝ ਮੀਲ ਦੂਰ ਪਿੰਡ ਜੰਬਰ ਦੇ ਵਸਨੀਕ ਸਨ। ਬੜੇ ਸਿਆਣੇ, ਸੂਝਵਾਨ, ਨੀਤੀਵਾਨ, ਵਪਾਰੀ, ਠੇਕੇਦਾਰ ਤੇ ਮਿਲਣਸਾਰ ਸਨ। ਆਪਣੇ ਇਹਨਾਂ ਗੁਣਾਂ ਕਰਕੇ ਇਲਾਕੇ ਵਿਚ ਆਪ ਦਾ ਬੇਹੱਦ ਸਤਿਕਾਰ ਸੀ ਤੇ ਇਥੋਂ ਤਕ ਮੰਨੀ ਹੋਈ ਸ਼ਖ਼ਸੀਅਤ ਸਨ ਕਿ ਜ਼ਕਰੀਆ ਖਾਨ ਵਰਗੇ ਜ਼ਾਲਮ ਗਵਰਨਰ ਨੇ ਵੀ ਆਪ ਨੂੰ ਸਿਖ ਹੋਣ ਦੇ ਬਾਵਜੂਦ ਨੇੜੇ ਰਖਿਆ ਤੇ ਕੁਝ ਸਮੇਂ ਲਾਹੌਰ ਦਾ ਕੋਤਵਾਲ ਵੀ ਲਾਈ ਰਖਿਆ। ਇਕ ਸਿਖ ਦਾ ਉਸ ਸਮੇਂ ਸਰਕਾਰੀ ਅਹੁਦੇ ਤੇ ਲਗਣਾ ਜੇ ਅਸੰਭਵ ਨਹੀਂ ਤਾਂ ਕਠਨ ਘਟਨਾ ਜ਼ਰੂਰ ਸੀ। ਇਸ ਅਸਾਧਾਰਨ ਗੱਲ ਕਰਕੇ ਵੀ ਆਪ ਦਾ ਨਾਮ ਬਹੁਤ ਪ੍ਰਸਿੱਧ ਹੋ ਗਿਆ।

ਸ: ਸੁਬੇਗ ਸਿੰਘ ਪਹਿਲਾਂ ਸਰਕਾਰੀ ਠੇਕੇਦਾਰ ਸਨ। ਆਪ ਦੀ ਈਮਾਨਦਾਰੀ ਕਰਕੇ ਲਾਹੌਰ ਦੇ ਹਾਕਮ ਆਪ ਦਾ ਸਤਿਕਾਰ ਕਰਦੇ ਸਨ। ੧੭੨੬ ਈਸਵੀ ਨੂੰ ਜਦ ਆਪਣੇ ਪਿਓ ਦੀ ਥਾਂ ਜ਼ਕਰੀਆ ਖਾਨ ਲਾਹੌਰ ਦਾ ਗਵਰਨਰ ਬਣ ਕੇ ਆਇਆ ਤਾਂ ਉਹਨੇ ਸ: ਸੁਬੇਗ ਸਿੰਘ ਨਾਲ ਗੱਲ ਬਾਤ ਵਿਚ ਅਨੁਭਵ ਕੀਤਾ ਕਿ ਇਹ ਅਸਾਧਾਰਨ ਬੁਧੀ ਵਾਲਾ ਇਨਸਾਨ ਕਿਸੇ ਸਮੇਂ ਬਹੁਤ ਕੰਮ ਦੇ ਸਕਦਾ ਹੈ, ਇਸ ਲਈ ਇਹਨੂੰ ਕੁਝ ਨਾ ਕਿਹਾ ਜਾਏ ਤੇ ਇਸ ਨਾਲ ਪਹਿਲਾਂ ਵਰਗੇ ਸੰਬੰਧ ਬਣੇ ਰਹਿਣ ਦਿਤੇ ਜਾਣ।

ਜ਼ਕਰੀਆ ਖਾਨ ਨੇ ਭਾਈ ਤਾਰਾ ਸਿੰਘ ਵਾਂ ਪਿੰਡ ਵਾਲਿਆਂ ਨੂੰ ਸ਼ਹੀਦ ਕਰਾ ਦਿਤਾ। ਇਸ ਤੇ ਸਾਰੀ ਸਿਖ ਕੌਮ ਵਿਚ ਗੁੱਸਾ ਫੈਲ ਗਿਆ ਤੇ ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਪਿਛੋਂ ਪੈਦਾ ਹੋਈ ਫੁਟ ਤੇ ਨਿਰਾਸਤਾ ਖ਼ਤਮ ਕਰ ਕੇ ਕੌਮ ਇਕ ਵਾਰ ਫਿਰ ਸਰਕਾਰ ਨਾਲ ਟੱਕਰ ਲੈਣ ਲਈ ਤਤਪਰ ਹੋ ਗਈ। ਦੀਵਾਨ ਦਰਬਾਰਾ ਸਿੰਘ ਤੇ ਸ: ਕਪੂਰ ਸਿੰਘ ਫੈਜ਼ਲਪੁਰੀਏ ਦੀ ਅਗਵਾਈ ਵਿਚ ਫੈਸਲਾ ਕੀਤਾ ਗਿਆ ਕਿ ਲਾਹੌਰ ਸਰਕਾਰ ਤੋਂ ਭਾਈ ਤਾਰਾ ਸਿੰਘ ਦੀ ਸ਼ਹੀਦੀ ਦਾ ਬਦਲਾ ਲੈਣ ਲਈ ਆਰਥਕ ਨਾਕਾਬੰਦੀ ਕਰ ਦਿੱਤੀ ਜਾਏ।

ਸਤ ਸਾਲ ਸਿੰਘਾਂ ਨੇ ਲਾਹੌਰ ਦੀ ਅਜਿਹੀ ਆਰਥਕ ਨਾਕਾਬੰਦੀ ਕੀਤੀ ਕਿ ਜ਼ਕਰੀਆ ਖਾਨ ਦਾ ਨੱਕ ਦੰਮ ਆ ਗਿਆ। ਉਹ ਬਹੁਤ ਘਬਰਾਇਆ, ਕਿਉਂਕਿ ਸਰਕਾਰੀ ਖ਼ਜ਼ਾਨਾ ਖ਼ਾਲੀ ਹੋ ਗਿਆ ਸੀ। ਬਾਹਰੋਂ ਰਕਮਾਂ ਆਉਂਦੀਆਂ ਰਾਹ ਵਿਚ ਹੀ ਸਿੰਘ ਖੋਹ ਲੈਂਦੇ ਸਨ। ਫ਼ੌਜੀ ਕਰੜਾਈਆਂ ਵੀ ਸਫਲ ਨਾ ਹੋਈਆਂ ਤੇ ਅਖ਼ੀਰ ਹਾਰ ਕੇ ਜ਼ਕਰੀਆ ਖਾਨ ਨੇ ਸਿਖਾਂ ਨਾਲ ਸਮਝੌਤਾ ਕਰਨ ਦਾ ਮਨ ਬਣਾਇਆ। ਉਸ ਨੇ ਸੋਚਿਆ ਕਿ ਇਸ ਕੰਮ ਵਿਚ ਉਹਦੀ ਸ: ਸੁਬੇਗ ਸਿੰਘ ਬਹੁਤ ਮਦਦ ਕਰ ਸਕਦੇ ਹਨ। ਉਸਨੇ ਆਪ ਨੂੰ ਸਦਿਆ ਤੇ ਕਿਹਾ ਕਿ ਤੁਸੀਂ ਕਈ ਵਾਰ ਕਹਿੰਦੇ ਹੋ ਕਿ ਸਿਖਾਂ ਨਾਲ ਸਰਕਾਰ ਨੂੰ ਵਿਗਾੜਨੀ ਨਹੀਂ ਚਾਹੀਦੀ, ਹੁਣ ਵਿਚ ਪੈ ਕੇ ਮੇਰਾ ਸਿਖਾਂ ਨਾਲ ਸਮਝੌਤਾ ਕਰਾ ਦਿਓ। ਸ: ਸੁਬੇਗ ਸਿੰਘ ਨੇ ਕਿਹਾ ਕਿ ਸਮਝੌਤੇ ਲਈ ਸ਼ਰਤਾਂ ਕੀ ਹੋਣਗੀਆਂ ?

'ਸਿਖ ਰਾਜ ਵਿਚ ਗੜਬੜ ਕਰਨੀ ਛੱਡ ਦੇਣ।' ਜ਼ਕਰੀਆ ਖਾਨ ਨੇ ਕਿਹਾ।

'ਤੁਸੀਂ ਕੀ ਦਿਓਗੇ ?' ਸੁਬੇਗ ਸਿੰਘ ਨੇ ਪੁਛਿਆ।



www.AKJ.Org

'ਉਹਨਾਂ ਦੇ ਇਕ ਆਗੂ ਨੂੰ ਨਵਾਬ ਦੀ ਪਦਵੀ ਦੇ ਦਿਤੀ ਜਾਵੇਗੀ', ਜ਼ਕਰੀਆ ਖਾਨ ਨੇ ਕਿਹਾ।

'ਬਸ ?'

'ਹੋਰ ਕੀ।'

'ਉਹਨਾਂ ਨਹੀਂ ਮੰਨਣਾ।' ਸੁਬੇਗ ਸਿੰਘ ਨੇ ਦਸਿਆ।

'ਹੋਰ ਕੀ ਚਾਹੀਦਾ ਏ ?' ਜ਼ਕਰੀਆ ਖਾਨ ਨੇ ਪੁਛਿਆ।

'ਪਹਿਲਾਂ ਉਹਨਾਂ ਨੂੰ ਆਪਣੇ ਗੁਰਧਾਮਾਂ ਦੀ ਖੁਲ੍ਹੀ ਯਾਤਰਾ ਤੇ ਸੇਵਾ-ਸੰਭਾਲ ਦੀ ਆਗਿਆ ਦਿਤੀ ਜਾਏ।' ਸੁਬੇਗ ਸਿੰਘ ਨੇ ਸਮਝਾਇਆ ਕਿ ਸਿੰਘਾਂ ਨੂੰ ਗੁਰਦਵਾਰੇ ਆਪਣੀ ਜਾਨ ਨਾਲੋਂ ਵੀ ਬਹੁਤ ਵਧ ਪਿਆਰੇ ਹਨ।

'ਇਹ ਖੁਲ੍ਹ ਵੀ ਦੇ ਦਿਆਂਗੇ।' ਜ਼ਕਰੀਆ ਖਾਨ ਨੇ ਸੁਝਾਓ ਮੰਨ ਲਿਆ।

'ਉਹਨਾਂ ਨੂੰ ਜਾਗੀਰ ਵੀ ਦਿਓ ਤਾਂਕਿ ਗੁਰਦਵਾਰਿਆਂ ਦੀ ਸੰਭਾਲ ਲਈ ਖ਼ਰਚ ਦਾ ਪ੍ਰਬੰਧ ਹੋ ਸਕੇ।'

ਸੁਬੇਗ ਸਿੰਘ ਨੇ ਇਸ ਤਰ੍ਹਾਂ ਅਨੇਕਾਂ ਸ਼ਰਤਾਂ ਮੰਨਵਾ ਕੇ ਲਿਖਤੀ ਰੂਪ ਵਿਚ ਲੈ ਲਈਆਂ ਤੇ ਸ੍ਰੀ ਅੰਮ੍ਰਿਤਸਰ ਆ ਗਏ, ਜਿਥੇ ਸਿੰਘ ਆਏ ਹੋਏ ਸਨ। ਸ: ਸੁਬੇਗ ਸਿੰਘ ਨੇ ਦੀਵਾਨ ਦਰਬਾਰਾ ਸਿੰਘ ਨੂੰ ਸੁਨੇਹਾ ਭੇਜਿਆ ਤੇ ਫਿਰ ਮਿਲ ਕੇ ਸਾਰੀ ਗੱਲ ਦਸੀ। ਪਰ ਦੀਵਾਨ ਜੀ ਨੇ ਕਿਹਾ ਕਿ ਮੈਂ ਕੁਝ ਨਹੀਂ ਕਰ ਸਕਦਾ। ਇਹ ਸਰਬੱਤ ਖਾਲਸੇ ਦਾ ਕੰਮ ਏ ਕਿ ਉਹ ਅਜਿਹਾ ਫੈਸਲਾ ਕਰੇ।

'ਮੈਨੂੰ ਫਿਰ ਖਾਲਸੇ ਦੀ ਇਕੱਤਰਤਾ ਵਿਚ ਸਦ ਲਓ, ਮੈਂ ਸਾਰੀ ਗੱਲ ਸਮਝਾ ਦਿਆਂਗਾ।' ਸ: ਸੁਬੇਗ ਸਿੰਘ ਨੇ ਬੇਨਤੀ ਕੀਤੀ।

ਦੀਵਾਨ ਦਰਬਾਰਾ ਸਿੰਘ ਨੇ ਖਾਲਸੇ ਦੇ ਇਕੱਠ ਵਿਚ ਉਹ ਸਾਰੀ ਪੇਸ਼ਕਸ਼ ਬਿਆਨ ਕੀਤੀ, ਜੋ ਸਰਕਾਰ ਵਲੋਂ ਆਈ ਸੀ। ਉਸ ਤੇ ਵਿਚਾਰ ਕੀਤਾ ਗਿਆ, ਪਰ ਬਹੁਤੇ ਸਿੰਘਾਂ ਦੀ ਰਾਏ ਇਹ ਸੀ ਕਿ ਸਰਕਾਰ ਦੀ ਇਸ ਪੇਸ਼ਕਸ਼ ਨੂੰ ਠੁਕਰਾ ਦਿਤਾ ਜਾਏ। ਦੀਵਾਨ ਦਰਬਾਰਾ ਸਿੰਘ ਨੇ ਦਸਿਆ ਕਿ ਸ: ਸੁਬੇਗ ਸਿੰਘ ਜੀ ਇਕੱਤਰਤਾ ਵਿਚ ਆਪ ਆ ਕੇ ਸਾਰੀ ਹਾਲਤ ਬਿਆਨ ਕਰਨੀ ਚਾਹੁੰਦੇ ਹਨ। ਖਾਲਸੇ ਨੇ ਫੈਸਲਾ ਦਿਤਾ ਕਿ ਉਹ ਸਰਕਾਰ ਦੇ ਨਾਲ ਹਨ ਜੋ ਸਿਖਾਂ ਦੇ ਵਿਰੁਧ ਹੈ, ਇਸ ਲਈ 'ਤਨਖ਼ਾਹੀਏ' ਹਨ। ਪਹਿਲਾਂ ਉਹ ਤਨਖ਼ਾਹ ਭੁਗਤਣ ਤੇ ਫਿਰ ਮੀਟਿੰਗ ਵਿਚ ਆ ਸਕਦੇ ਹਨ। ਉਹਨਾਂ ਨੂੰ ਜੋ ਤਨਖ਼ਾਹ ਲਾਈ ਗਈ, ਜੋੜਿਆਂ ਵਿਚ ਖੜੇ ਹੋ ਕੇ ਗੱਲ ਪਲਾ ਪਾ ਕੇ ਸ: ਸੁਬੇਗ ਸਿੰਘ ਨੇ ਸਵੀਕਾਰ ਕੀਤੀ ਤੇ ਫਿਰ ਇਕੱਤਰਤਾ ਵਿਚ ਆ ਕੇ ਆਪਣੀ ਵਿਦਵਤਾ ਨਾਲ ਸਾਰੇ ਸਿੰਘਾਂ ਨੂੰ ਰਾਜ਼ੀ ਕਰ ਲਿਆ ਕਿ ਸਰਕਾਰ ਦੀ ਪੇਸ਼ਕਸ਼ ਮੰਨ ਲਈ ਜਾਏ। ਜਦ ਤਕ ਨਿਬਾਹ ਹੋਵੇਗਾ, ਉਤਨਾ ਸਮਾਂ ਹੀ ਸਹੀ। ਘਟੋ ਘੱਟ ਗੁਰਦਵਾਰਿਆਂ ਦੀ ਮੁਰੰਮਤ ਤੇ ਦੇਖ ਭਾਲ ਲਈ ਤਾਂ ਖੁਲ੍ਹ ਹੋ ਜਾਵੇਗੀ। ਸ: ਸੁਬੇਗ ਸਿੰਘ ਦੇ ਯਤਨਾਂ ਨਾਲ ਫੈਸਲਾ ਹੋ ਗਿਆ। ਸ: ਕਪੂਰ ਸਿੰਘ ਨੂੰ ਨਵਾਬੀ ਦਿਤੀ ਗਈ।

ਇਸ ਫੈਸਲੇ ਤੇ ਜ਼ਕਰੀਆ ਖਾਨ ਬਹੁਤ ਖੁਸ਼ ਹੋਇਆ ਤੇ ਉਹਨੇ ਸ: ਸੁਬੇਗ ਸਿੰਘ ਨੂੰ ਲਾਹੌਰ ਦਾ ਕੋਤਵਾਲ ਨੀਅਤ ਕਰ ਦਿੱਤਾ। ਸ: ਸੁਬੇਗ ਸਿੰਘ ਨੇ ਇਸ ਪਦਵੀ ਤੇ ਜਾ ਕੇ ਲੋਕਾਂ ਦੀ ਪ੍ਰਸੰਸਾ ਹੋਰ ਜਿਤੀ ਤੇ ਦੋਸਤ ਦੁਸ਼ਮਣ ਸਾਰੇ ਉਹਨਾਂ ਦੀ ਯੋਗਤਾ ਦੇ ਪ੍ਰਸੰਸਕ ਬਣ ਗਏ।

ਜਦੋਂ ਜ਼ਕਰੀਆ ਖਾਨ ਦੀ ਸਿੰਘਾਂ ਨਾਲ ਫਿਰ ਖੜਕ ਪਈ ਤੇ ਸਿੰਘਾਂ ਨੇ ਉਹਦਾ ਫਿਰ ਕਾਫ਼ੀਆ ਤੰਗ ਕਰਨਾ ਸ਼ੁਰੂ ਕਰ ਦਿੱਤਾ ਤਾਂ ਸ: ਸੁਬੇਗ ਸਿੰਘ ਤੇ ਇਹ ਇਲਜ਼ਾਮ ਲਾ ਕੇ ਕੋਤਵਾਲ ਦੀ ਪਦਵੀ ਤੋਂ ਹਟਾ ਦਿੱਤਾ ਗਿਆ ਕਿ ਉਹ ਸਰਕਾਰੀ ਭੇਦ ਸਿੰਘਾਂ ਨੂੰ ਪਹੁੰਚਾਂਦੇ ਹਨ। ਸ: ਸੁਬੇਗ ਸਿੰਘ ਆਪਣੇ ਪਹਿਲੇ ਕਾਰ ਵਿਹਾਰ ਵਿਚ ਹੀ ਫਿਰ ਰੁਝ ਗਏ।

ਆਪ ਦਾ ਸਪੁੱਤਰ ਸ਼ਾਹਬਾਜ਼ ਸਿੰਘ ਬੜਾ ਸੋਹਣਾ, ਗੋਰਾ, ਤਿਖੇ ਨੈਨ ਨਕਸ਼ਾਂ ਵਾਲਾ ਚੁਸਤ, ਹੋਣਹਾਰ ਤੇ ਪ੍ਰਭਾਵਸ਼ਾਲੀ ਜਵਾਨ ਸੀ। ਅਠਾਰ੍ਹਾਂ ਸਾਲ ਦੀ ਉਮਰ ਵਿਚ ਉਹ ਸ਼ੇਰ ਜਵਾਨ ਹਰ ਦੇਖਣ ਵਾਲੇ ਨੂੰ ਮੋਹ ਲੈਂਦਾ



www.AKJ.Org

ਸੀ। ਜਿਸ ਮੌਲਵੀ ਪਾਸੋਂ ਉਹ ਵਿਦਿਆ ਪ੍ਰਾਪਤ ਕਰਦਾ ਸੀ, ਉਹਦੇ ਮਨ ਵਿਚ ਆਇਆ ਕਿ ਇਹਨੂੰ ਮੁਸਲਮਾਨ ਬਣਾਇਆ ਜਾਏ ਤੇ ਆਪਣੀ ਜਵਾਨ ਧੀ ਇਸ ਨਾਲ ਵਿਆਹੀ ਜਾਏ। ਉਹਨੇ ਬਥੇਰਾ ਯਤਨ ਕੀਤਾ, ਪਰ ਸ਼ਾਹਬਾਜ਼ ਸਿੰਘ ਉਹ ਦੇ ਜਾਲ ਵਿਚ ਨਾ ਫਸਿਆ। ਉਹਦੇ ਹਰ ਯਤਨ ਨੂੰ ਠੁਕਰਾ ਦਿਤਾ। ਅਖ਼ੀਰ ਖਿਝ ਕੇ ਮੌਲਵੀ ਡਰਾਉਣ ਧਮਕਾਉਣ ਲਗ ਪਿਆ। ਸ਼ਾਹਬਾਜ਼ ਸਿੰਘ ਨੂੰ ਧਰਮ ਦੀ ਚੰਗੀ ਵਾਕਫ਼ੀਅਤ ਸੀ, ਇਹ ਹਰ ਗੱਲ ਨੂੰ ਦਲੀਲ ਨਾਲ ਕਟ ਦਿੰਦਾ ਤੇ ਮੁਲਾਂ ਲਾਜਵਾਬ ਹੋ ਜਾਂਦਾ। ਅਖੀਰ ਮੌਲਵੀ ਨੇ ਇਲਾਕੇ ਦੇ ਹਾਕਮ ਪਾਸ ਸ਼ਿਕਾਇਤ ਕੀਤੀ ਕਿ ਸ਼ਾਹਬਾਜ਼ ਸਿੰਘ ਨੇ ਇਸਲਾਮ ਦਾ ਅਪਮਾਨ ਕੀਤਾ ਹੈ। ਇਸਲਾਮ ਵਿਰੁਧ ਬੋਲਦਾ ਤੇ ਲੋਕਾਂ ਨੂੰ ਭੜਕਾਂਦਾ ਹੈ। ਕੁਝ ਉਸੇ ਤਰ੍ਹਾਂ ਦੇ ਦੂਸ਼ਨ ਲਾ ਕੇ ਕਹਾਣੀ ਘੜੀ ਗਈ ਜਿਸ ਤਰ੍ਹਾਂ ਹਕੀਕਤ ਰਾਏ ਵਿਰੁਧ ਘੜੀ ਗਈ ਸੀ।

ਸ਼ਾਹਬਾਜ਼ ਸਿੰਘ ਨੂੰ ਗ੍ਰਿਫ਼ਤਾਰ ਕਰ ਕੇ ਲਾਹੌਰ ਜ਼ਕਰੀਆ ਖਾਨ ਵਲ ਭੇਜ ਦਿੱਤਾ ਗਿਆ, ਪਰ ਜ਼ਕਰੀਆ ਖਾਨ ਇਹਨਾਂ ਦਿਨਾਂ ਵਿਚ ਮਰ ਗਿਆ। ਉਸਦੇ ਪਿਛੋਂ ਯਈਆ ਖਾਨ ਪੰਜਾਬ ਦਾ ਗਵਰਨਰ ਬਣਿਆ। ਕੁਝ ਸਮਾਂ ਤਾਂ ਉਹ ਆਪਣੀ ਗਦੀ ਬਚਾਉਣ ਵਿਚ ਰੁਝਾ ਰਿਹਾ ਤੇ ਇਹਨਾਂ ਦਾ ਮਾਮਲਾ ਪਿਛੇ ਪੈ ਗਿਆ। ਜਦ ਉਹ ਵਿਹਲਾ ਹੋਇਆ ਤਾਂ ਉਹਨੇ ਸ਼ਾਹਬਾਜ਼ ਸਿੰਘ ਦਾ ਮੁਕੱਦਮਾ ਸੁਣਨਾ ਸ਼ੁਰੂ ਕੀਤਾ। ਉਹਨੇ ਮੌਲਵੀ ਦੇ ਬਿਆਨਾਂ ਤੇ ਇਲਾਕੇ ਦੇ ਚੌਧਰੀ ਦੀ ਰਪੋਰਟ ਨੂੰ ਠੀਕ ਮੰਨ ਕੇ ਇਹਨੂੰ ਦੋਸ਼ੀ ਕਰਾਰ ਦੇ ਦਿੱਤਾ ਤੇ ਨਾਲ ਹੀ ਸ: ਸੁਬੇਗ ਸਿੰਘ ਦੀ ਗ੍ਰਿਫ਼ਤਾਰੀ ਦਾ ਹੁਕਮ ਵੀ ਦੇ ਦਿੱਤਾ। ਦੋਹਾਂ ਪਿਉ ਪੁੱਤਰਾਂ ਨੂੰ ਲਾਹੌਰ ਦੇ ਵਡੇ ਕਾਜ਼ੀ ਸਪੁਰਦ ਕਰ ਦਿਤਾ। ਉਹਨੇ ਪਹਿਲਾਂ ਵਰਗੇ ਪ੍ਰਚਲਤ ਤਰੀਕੇ ਅਨੁਸਾਰ ਹੀ ਹੁਕਮ ਦਿੱਤਾ ਕਿ ਮੌਤ ਜਾਂ ਇਸਲਾਮ, ਜਿਹੜੀ ਚੀਜ਼ ਚਾਹੋ ਪਸੰਦ ਕਰ ਲਉ। ਸਿੰਘਾਂ ਨੇ ਆਪਣਾ ਧਰਮ ਤਾਂ ਕਿਸੇ ਕੀਮਤ ਤੇ ਨਹੀਂ ਸੀ ਛਡਣਾ, ਇਸ ਲਈ ਮੌਤ ਹੀ ਪਰਵਾਨ ਕਰਨੀ ਬਾਕੀ ਰਹਿ ਗਈ।

ਪਹਿਲਾਂ ਸ਼ਾਹਬਾਜ਼ ਸਿੰਘ ਨੂੰ ਚਰਖੜੀ ਤੇ ਚਾੜ੍ਹਿਆ ਗਿਆ। ਇਕ ਵੱਡਾ ਸਾਰਾ ਲੋਹੇ ਦਾ ਚੱਕਰ, ਜਿਸ ਦੇ ਆਸ ਪਾਸ ਵੱਡੇ ਵੱਡੇ ਤਿਖੇ ਸੂਏ ਲਗੇ ਹੋਏ ਸਨ, ਉਸ ਤੇ ਲਿਟਾ ਕੇ ਬੰਨ੍ਹ ਦਿੱਤਾ ਗਿਆ। ਇਸ ਤਰ੍ਹਾਂ ਮਨੁੱਖ ਨੂੰ ਅਤਿ ਕਸ਼ਟ ਦੇ ਕੇ ਮਾਰਨ ਦਾ ਜ਼ਾਲਮਾਨਾ ਢੰਗ ਵਰਤਿਆ ਗਿਆ। ਸ: ਸੁਬੇਗ ਸਿੰਘ ਨੇ ਆਪਣੇ ਗਭਰੂ ਜਵਾਨ ਪੁੱਤਰ ਨੂੰ ਆਖ਼ਰੀ ਵਾਰ ਇਕੋ ਗੱਲ ਕਹੀ, 'ਪੁੱਤਰ, ਅਕਾਲ ਅਕਾਲ ਗਜਾਂਦਾ ਸ਼ਹੀਦੀ ਪ੍ਰਾਪਤ ਕਰੀਂ।' ਪਿਤਾ ਦੀ ਅਸੀਸ ਤੇ ਪੁੱਤਰ ਅਕਾਲ ਅਕਾਲ ਗਜਾਂਦਾ ਸਿਖੀ ਕੇਸਾਂ ਸਵਾਸਾਂ ਨਾਲ ਨਿਭਾ ਗਿਆ। ਇਸੇ ਤਰ੍ਹਾਂ ਸ: ਸੁਬੇਗ ਸਿੰਘ ਨੂੰ ਵੀ ਸ਼ਹੀਦ ਕਰ ਦਿੱਤਾ ਗਿਆ।

ਇਸ ਸ਼ਹੀਦੀ ਤੇ ਦੇਸ਼ ਭਰ ਵਿਚ ਹਾਹਾਕਾਰ ਮਚ ਗਈ। ਸ਼ਰੀਫ਼ ਤੇ ਚੰਗੇ ਮੁਸਲਮਾਨਾਂ ਨੇ ਵੀ ਅਫ਼ਸੋਸ ਪ੍ਰਗਟ ਕੀਤਾ ਤੇ ਸ਼ਰਮ ਮਹਿਸੂਸ ਕੀਤੀ। ਹਿੰਦੂਆਂ ਵਿਚ ਮਾਯੂਸੀ ਤੇ ਨਿਰਾਸਤਾ ਛਾ ਗਈ। ਸਿਖ ਕੌਮ ਵਿਚ ਗੁੱਸਾ ਫੈਲ ਗਿਆ ਤੇ ਸਿੰਘਾਂ ਨੇ ਇਹਨਾਂ ਸ਼ਹੀਦੀਆਂ ਦਾ ਬਦਲਾ ਲੈਣ ਲਈ ੧੨ ਜਥੇ ਬਣਾ ਲਏ ਤੇ ਸਾਰੇ ਪੰਜਾਬ ਵਿਚ ਉਹ ਛਾ ਗਏ। ਅਜਿਹੇ ਛਾਏ ਕਿ ਫਿਰ ਉਹਨਾਂ ਮੁਗਲਾਂ, ਦੁਰਾਨੀਆਂ ਤੇ ਹੋਰ ਕਿਸੇ ਵੀ ਬਦੇਸ਼ੀ ਤਾਕਤ ਦੇ ਪੰਜਾਬ ਵਿਚ ਪੈਰ ਨਹੀਂ ਲਗਣ ਦਿੱਤੇ। [ਪੁਸਤਕ "ਸਾਡੇ ਸ਼ਹੀਦ" ਵਿਚੋਂ

## ਜੁਗ-ਗਰਦੀ

ਜੁਗ ਗਰਦੀ ਜਬ ਹੋਵਹੇ ਉਲਟੇ ਜੁਗ ਕਿਆ ਹੋਇ ਵਰਤਾਰਾ॥
ਉਠੇ ਗਿਲਾਨਿ ਜਗਤ ਵਿਚਿ ਵਰਤੇ ਪਾਪ ਭ੍ਰਿਸ਼ਟ ਸੰਸਾਰਾ॥
ਵਰਨਾ ਵਰਨ ਨ ਭਾਵਨੀ ਖਹਿ ਖਹਿ ਜਲਨ ਬਾਂਸ ਅੰਗਿਆਰਾ॥

—ਭਾਈ ਗੁਰਦਾਸ ਜੀ, ਵਾਰ ੧, ਪਉੜੀ ੧੭



www.AKJ.Org

# ਸਵਾਧੀਨਤਾ

[ਵਲੋਂ—ਡਾਕਟਰ ਤਾਰਨ ਸਿੰਘ ਜੀ]

ਪ੍ਰਮਾਤਮਾ 'ਅਜੂਨੀ ਸੈਭੰ' ਹੈ। ਗੁਰੂ ਬਾਬੇ ਅਨੁਸਾਰ ਮਨੁੱਖਤਾ ਦੀ ਇਕ ਮਹਾਨ ਡੂੰਘੀ ਲੋਚਾ 'ਸਵਾਧੀਨਤਾ' ਦੀ ਹੈ, ਸੁਤੰਤਰ, ਆਜ਼ਾਦ ਹੋਣ ਦੀ ਹੈ। 'ਅਜੂਨੀ ਸੈਭੰ' ਦਾ ਭਾਵ ਇਹ ਹੈ ਕਿ ਪ੍ਰਮਾਤਮਾ ਕਿਸੇ ਤੇ ਆਧਾਰਤ ਨਹੀਂ ਹੈ, ਕਿਸੇ ਤੇ ਨਿਰਭਰ ਨਹੀਂ ਹੈ। ਪ੍ਰਮਾਤਮਾ ਦਾ ਸੋਮਾ ਕੋਈ ਹੋਰ ਨਹੀਂ ਹੈ, ਉਸ ਦੀ ਸ਼ਕਤੀ ਉਸ ਦੀ ਆਪਣੀ ਹੈ, ਉਹ ਕਿਸੇ ਪਾਸੋਂ ਸਲਾਹ ਲੈਣ ਲਈ ਮਜਬੂਰ ਨਹੀਂ ਹੈ, ਉਹ ਰਹਿਣੀ, ਕਹਿਣੀ ਵਿਚ ਸੁਤੰਤਰ ਹੈ।

ਕੇਵਲ ਸੱਚ ਐਸਾ ਮੰਨਿਆ ਗਿਆ ਹੈ ਜੋ ਕਿਸੇ ਤੇ ਨਿਰਭਰ ਨਹੀਂ ਹੈ। ਜਿਵੇਂ ਜਿਵੇਂ ਕੋਈ ਸਚਿਆਰ ਹੁੰਦਾ ਜਾਂਦਾ ਹੈ, ਉਹ ਸਵਾਧੀਨ ਹੁੰਦਾ ਹੈ, ਉਸ ਨੂੰ ਕਿਸੇ ਦੀ ਮੁਥਾਜੀ ਨਹੀਂ ਰਹਿੰਦੀ ਜਾਂਦੀ। ਸੱਚ ਤੇ ਗਿਆਨ ਇਕੱਠੇ ਵਿਚਰਦੇ ਹਨ। ਸਚ ਪਹਿਲਾਂ ਜਾਣਿਆ-ਬੁਝਿਆ ਜਾਂਦਾ ਹੈ, ਫਿਰ ਜੀਵਨ ਵਿਚ ਜੀਵਿਆ ਜਾਂਦਾ ਹੈ। Know the truth and truth make them free (ਸੱਚ ਦੀ ਸੂਝ ਹੀ ਸੁਤੰਤਰਤਾ ਹੈ)।

ਆਜ਼ਾਦ ਮਨੁਖ ਤੇ ਕੋਈ ਪਹਿਰਾ ਨਹੀਂ ਰਖਿਆ ਜਾਂਦਾ। ਜਿਥੇ ਪਹਿਰਾ ਰਖਣਾ ਪੈਂਦਾ ਹੈ, ਉਥੇ ਆਜ਼ਾਦੀ ਦੀ ਸੂਝ ਨਹੀਂ ਹੈ। ਬ੍ਰਹਮ ਗਿਆਨੀ ਪਰਉਪਕਾਰ ਵਿਚ ਉਮਾਹ ਪ੍ਰਾਪਤ ਕਰਦਾ ਹੈ, ਗੁਰਮੁਖਿ ਆਪਣੇ ਆਪ ਨਾਮ-ਦਾਨ-ਇਸ਼ਨਾਨ ਵਿਚ ਲਗਦਾ ਹੈ। ਉਹ ਆਪਣੇ ਆਪ ਸੇਵਾ ਵਿਚ ਲਗਦਾ ਹੈ। ਆਜ਼ਾਦ ਲੋਕ ਆਪ ਚੰਗੇ ਆਚਰਨ ਦਾ ਵਿਹਾਰ ਕਰਦੇ ਹਨ। ਜ਼ਿਮੇਵਾਰੀ ਦੀ ਸੂਝ ਸਵਾਧੀਨਤਾ ਦਿੰਦੀ ਹੈ। "ਜਿਨ ਕਉ ਨਦਰਿ ਕਰਮੁ ਤਿਨ ਕਾਰ" ਇਹ ਮੰਨੀ ਗਈ ਹੈ :

ਜਤੁ ਪਾਹਾਰਾ ਧੀਰਜੁ ਸੁਨਿਆਰੁ ॥ ਅਹਰਣਿ ਮਤਿ ਵੇਦੁ ਹਥੀਆਰੁ ॥
ਭਉ ਖਲਾ ਅਗਨਿ ਤਪ ਤਾਉ ॥
ਭਾਂਡਾ ਭਾਉ ਅੰਮ੍ਰਿਤੁ ਤਿਤੁ ਢਾਲਿ ॥ ਘੜੀਐ ਸਬਦੁ ਸਚੀ ਟਕਸਾਲ ॥
ਜਿਨ ਕਉ ਨਦਰਿ ਕਰਮੁ ਤਿਨ ਕਾਰ ॥ ਨਾਨਕ ਨਦਰੀ ਨਦਰਿ ਨਿਹਾਲ ॥੩੮॥—ਜਪੁਜੀ

ਜਿਸ ਨੂੰ ਪ੍ਰਮਾਤਮਾ ਪ੍ਰਤੱਖ ਹੈ, ਉਨ੍ਹਾਂ ਦੀ ਸਹਿਜ ਸੁਭਾ ਬਿਰਤੀ ਜਤ, ਧੀਰਜ ਵਾਲੀ ਰਹਿੰਦੀ ਹੈ। ਉਨ੍ਹਾਂ ਦੇ ਅੰਦਰ ਅੰਮ੍ਰਿਤ ਘੁਲਿਆ ਹੁੰਦਾ ਹੈ। ਉਹ ਸਦਾ ਮਿਠੇ ਤੇ ਮਧੁਰ ਹੁੰਦੇ ਹਨ, ਉਹ ਸਦਾ ਸਚਦਾਨੰਦ ਵਾਲੇ ਹੁੰਦੇ ਹਨ। ਉਹ ਸਦਾ ਨਦਰ ਨਿਹਾਲ ਹੁੰਦੇ ਹਨ।

ਗੁਰੂ ਬਾਬੇ ਦਾ ਸੰਦੇਸ਼ ਖ਼ੁਦ-ਮੁਖ਼ਤਿਆਰੀ ਦਾ ਹੈ। ਹਰ ਦੇਸ਼ ਆਜ਼ਾਦ ਹੋਣਾ ਚਾਹੀਦਾ ਹੈ, ਕਿਸੇ ਦੇਸ਼ ਨੂੰ ਕਿਸੇ ਹੋਰ ਤੇ ਆਪਣਾ ਰਾਜ ਸਥਾਪਤ ਕਰਨ ਦੀ ਆਗਿਆ ਨਹੀਂ ਹੈ.. 'ਹੁਕਮ ਕਰਹਿ ਮੂਰਖ ਗਵਾਰ', 'ਅਸੰਖ ਅਮਰ ਕਰਿ ਜਾਹਿ ਜੋਰ'—ਜੋਰ ਦੀ ਹਕੂਮਤ ਕਿਸੇ ਤਰ੍ਹਾਂ ਵੀ ਬਰਦਾਸ਼ਤ ਨਹੀਂ ਹੋਣੀ ਚਾਹੀਦੀ। ਦੇਸ਼ ਦੀ ਸੁਤੰਤਰਤਾ ਗਵਾ ਦੇਣ ਵਾਲਿਆਂ ਨੂੰ ਗੁਰੂ ਬਾਬੇ ਨੇ ਕੁੱਤਿਆਂ ਦੀ ਮੌਤ ਮਰਨਾ ਦਸਿਆ ਹੈ...'ਮੋਇਆ ਸਾਰ ਨ ਕਾਈ'...ਕਿਸੇ ਨੇ ਉਨ੍ਹਾਂ ਦੀ ਸਾਰ ਨਹੀਂ ਲੈਣੀ।

ਦੇਸ਼ ਦੇ ਰਾਜਸੀ ਤੌਰ ਤੇ ਗ਼ੁਲਾਮ ਹੋਣ ਨਾਲ ਹੀ ਧਾਰਮਕ, ਸਮਾਜਕ, ਸਭਿਆਚਾਰਕ ਗੁਲਾਮੀ ਪੈਦਾ ਹੁੰਦੀ ਹੈ :

ਕਲਿ ਮਹਿ ਬੇਦੁ ਅਥਰਬਣੁ ਹੂਆ ਨਾਉ ਖੁਦਾਈ ਅਲਹੁ ਭਇਆ ॥
ਨੀਲ ਬਸਤ੍ਰ ਲੇ ਕਪੜੇ ਪਹਿਰੇ ਤੁਰਕ ਪਠਾਣੀ ਅਮਲੁ ਕੀਆ ॥੨॥੧੩॥ —ਆਸਾ ਕੀ ਵਾਰ

ਇਹ ਗ਼ੁਲਾਮੀ ਘ੍ਰਿਣਾ ਯੋਗ ਹੈ। ਹਰ ਪ੍ਰਕਾਰ ਦੀ ਗੁਲਾਮੀ ਮਾੜੀ ਹੈ। **ਜੇ 'ਧਰਮ' ਦੇਸ਼ ਨੂੰ ਸਵਾਧੀਨ ਰਖਣ ਦੀ ਸਮਰੱਥਾ ਨਹੀਂ ਦਿੰਦਾ, ਤਦ ਧਰਮ ਦਾ ਲਾਭ ਹੀ ਕੀ ਹੈ ? ਧਰਮ ਆਜ਼ਾਦੀ ਦਾ ਨਾਮ ਹੈ।**



www.AKJ.Org

—ਅਕਾਲੀ ਕੌਰ ਸਿੰਘ ਜੀ—

# ਗੁਰਮਤਿ ਪ੍ਰਚਾਰ ਤੇ ਅਕਾਲ ਤਖ਼ਤ ਸਾਹਿਬ ਦੀ ਜਥੇਦਾਰੀ

(ਵਲੋਂ — ਸ: ਅਤਰ ਸਿੰਘ ਜੀ)

ਅਕਾਲੀ ਕੌਰ ਸਿੰਘ ਜੀ ਦਾ ਸੁੰਦਰ ਰੂਪ ਤੇ ਸਾਦਗੀ ਵਾਲਾ ਲਿਬਾਸ ਬੜਾ ਹੀ ਅਨੂਪਮ ਸੀ । ਕਈ ਲੋਕ ਸ਼ਕ ਵੀ ਕਰਦੇ ਸਨ ਕਿ ਇਹ ਕਿਸੀ ਰਾਜੇ ਮਹਾਰਾਜੇ ਦੀ ਸੰਤਾਨ ਹਨ । ਇਧਰ ਅੰਗਰੇਜ਼ੀ ਰਾਜ ਦੇ ਕਰਮਚਾਰੀ ਆਪ ਮਗਰ ਹਮੇਸ਼ਾ ਖ਼ੁਫ਼ੀਆ ਪੁਲਸ ਲਾਈ ਰਖਦੇ ਸਨ । ਆਮ ਤੌਰ ਤੇ ਆਪ ਆਪਣਾ ਜਨਮਸਥਾਨ ਅਤੇ ਮਾਤਾ ਪਿਤਾ ਬਾਰੇ ਨਹੀਂ ਦੱਸਦੇ ਸਨ ।

ਗੁਰਮਤਿ ਪ੍ਰਚਾਰ ਲਈ ਆਪ ਨੇ ਕਮਰਕਸੇ ਤਾਂ ਕੀਤੇ ਹੋਏ ਸਨ ਕਿ ਉਧਰ ਇਸ ਸਮੇਂ ਸਿੰਘ ਸਭਾ ਲਹਿਰ ਚਲ ਪਈ । ਆਪ ਨੇ ਵਧੇਰੇ ਜ਼ੋਰ ਨਾਲ ਪਰਚਾਰ ਸ਼ੁਰੂ ਕਰ ਦਿੱਤਾ । ਰਹਿਤ ਮਰਯਾਦਾ ਦੀ ਪਰਪੱਕਤਾ ਤੇ ਗੁਰਬਾਣੀ ਦੀ ਪੂਰਨ ਖੋਜ ਹੋਣ ਕਰਕੇ ਆਪ ਨੂੰ ਸਿੰਘ ਸਭਾ ਸੁਸਾਇਟੀਆਂ ਤੇ ਹੋਰ ਸੰਸਥਾਵਾਂ ਉਚੇਰਾ ਗੁਰਮਤਿ ਨਿਰਣਯ ਕਰਵਾਉਣ ਲਈ ਸੱਦਣ ਲਗ ਪਈਆਂ ਤੇ ਪ੍ਰਚਾਰ-ਮੰਤਵ ਲਈ ਆਪ ਬੜੇ ਦੂਰ ਦੂਰ ਪੁਜਦੇ ਰਹੇ । ੧੯੭੩ ਬਿਕ੍ਰਮੀ ਵਿਚ ਆਪ ਢਾਕਾ, ਫੇਰ ਲਾਲਪੁਰਾ, ਅਫਗਾਨਿਸਤਾਨ ਪੁਜੇ ਤੇ ਇਥੇ ਮਨਮਤ ਵਿਚ ਫਸੇ ਹੋਏ ਲੋਕਾਂ ਨੂੰ ਗੁਰਮਤਿ-ਉਪਦੇਸ਼ ਕਰ ਕੇ ਅੰਮ੍ਰਿਤ ਪਾਨ ਕਰਵਾ ਕੇ ਤਿਆਰ-ਬਰ-ਤਿਆਰ ਸਿੰਘ ਸਜਾ ਦਿੱਤਾ । ਇਥੇ ਆਪ ਨਾਲ ਸੰਗਤਾਂ ਦਾ ਬੜਾ ਪ੍ਰੇਮ ਵਧ ਜਾਣ ਕਰਕੇ ਉਧਰੋਂ ਆਉਣ ਲਗਿਆਂ ਕੁਝ ਵਿਦਿਆਰਥੀ ਭੁਝੰਗੀਆਂ ਨੂੰ ਗੁਰਮੁਖੀ ਗੁਰਮਤਿ ਸਿੱਖ-ਲਾਉਣ ਲਈ ਪੰਜਾਬ ਲੈ ਆਂਦਾ ਤੇ ਗੁਜਰਾਂਵਾਲੇ ਇਹਨਾਂ ਦੀ ਸਿਖਲਾਈ ਦਾ ਪੂਰਨ ਇੰਤਜ਼ਾਮ ਕਰਵਾ ਦਿੱਤਾ । ਜਿਨ੍ਹਾਂ ਵਿਚੋਂ ਭਾਈ ਥਾਨ ਸਿੰਘ, ਭਾ: ਲਾਲ ਸਿੰਘ ਆਦਿਕ ਸਜਣ ਤਿਆਰ-ਬਰ-ਤਿਆਰ ਸਿੰਘ ੪੭ ਦੇ ਘਲੂਘਾਰੇ ਉਪਰੰਤ ਲੁਧਿਆਣੇ ਆ ਵਸੇ ਸਨ ।

ਆਪ ਲਗਾਤਾਰ ੧੧ ਸਾਲ ਤਕ ਕਾਬਲ ਵਲ ਫੇਰੀ ਪਾਉਂਦੇ ਰਹੇ, ਕਿਉਂਕਿ ਇਥੇ ਦੀਆਂ ਸੰਗਤਾਂ ਆਪ ਨੂੰ ਹਰ ਸਮੇਂ ਯਾਦ ਕਰਦੀਆਂ ਤੇ ਆਪ ਜਿਵੇਂ ਕਿਵੇਂ ਵੀ ਲੰਬਾ ਸਫਰ ਤਹਿ ਕਰਕੇ ਪੁਜ ਜਾਂਦੇ । ਇਨ੍ਹਾਂ ਦੇ ਸਿੱਖੀ ਪ੍ਰਚਾਰ ਕਰਕੇ ਅਫਗਾਨਿਸਤਾਨ, ਖੁਰਾਸਾਨ, ਪਿਸ਼ਪਲਾਕ ਦੇ ਰਹਿਣ ਵਾਲੇ ੨੫੦ ਘਰਾਂ ਪਰ ਇਨ੍ਹਾਂ ਦੇ ਗੁਰਮਤਿ ਪ੍ਰਚਾਰ ਦਾ ਡੂੰਘਾ ਅਸਰ ਹੋਇਆ । ਸਭਨਾਂ ਖ਼ਾਹਸ਼ ਜ਼ਾਹਰ ਕੀਤੀ ਕਿ ਅਸਾਨੂੰ ਵੀ ਆਪਣੇ ਵਰਗਾ ਹੀ ਸਿੰਘ ਸਜਾ ਦਿਓ ।

---

✿ਸਭ ਤੋਂ ਵੱਡੀ ਆਜ਼ਾਦੀ ਆਪਣੀਆਂ ਕਮਜ਼ੋਰੀਆਂ ਤੋਂ ਆਜ਼ਾਦ ਹੋਣਾ ਹੈ । ਗੁਰੂ ਬਾਬੇ ਦੀ ਹਰ ਰਚਨਾ ਵਿਚ ਇਸ ਆਜ਼ਾਦੀ ਲਈ ਤਰਲਾ ਹੈ । ਮਨੁੱਖ ਨੂੰ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਤੋਂ ਆਜ਼ਾਦ ਹੋਣਾ ਹੈ । ਇਨ੍ਹਾਂ ਪੰਜਾਂ ਦੀ ਗੁਲਾਮੀ ਅਤਿ ਜ਼ਲੀਲ ਕਰਦੀ ਹੈ । ਤ੍ਰਿਸ਼ਨਾ, ਹਉਮੈ ਤੋਂ ਆਜ਼ਾਦ ਹੋਣਾ ਹੈ ਤੇ ਇਨ੍ਹਾਂ ਔਗੁਣਾਂ ਦੀ ਥਾਂ ਤੇ ਉਹ ਗੁਣ ਪੈਦਾ ਕਰਨੇ ਹਨ ਜੋ ਆਜ਼ਾਦ ਲੋਕਾਂ ਦਾ ਸ਼ਿੰਗਾਰ ਹੁੰਦੇ ਹਨ । **ਦਇਆ, ਸੁੱਚ, ਸੰਜਮ, ਸਤਿ, ਸੰਤੋਖ ਆਦਿ ਐਸੇ ਗੁਣ ਹਨ ਜੋ ਆਜ਼ਾਦ ਲੋਕਾਂ ਦੀ ਸ਼ੋਭਾ ਹਨ** । ਮਾਇਆ ਅਤੇ ਕਾਮ ਦੀ ਗੁਲਾਮੀ ਬਹੁਤ ਮਾੜੀ ਮੰਨੀ ਗਈ ਹੈ । "ਅਵਗੁਣ ਛੋਡਿ ਗੁਣਾ ਕਉ ਧਾਵਹੁ"* ਇਹ ਹੀ ਹੈ ਆਜ਼ਾਦੀ । ਔਗੁਣ 'ਉਹਾ ਪੈਰਿ ਲੋਹਾਰੀ'† ਹਨ । ਜਿਤਨੇ ਕਿਸੇ ਅੰਦਰ ਔਗੁਣ ਹਨ, ਉਨੇ ਹੀ ਜ਼ੰਜੀਰ ਗੱਲ ਵਿਚ ਪਏ ਹਨ, ਇਤਨੀਆਂ ਹੀ ਬੇੜੀਆਂ ਹਨ । ਔਗੁਣ ਹੀ ਗੁਲਾਮੀ ਦੀਆਂ ਬੇੜੀਆਂ ਹਨ । ਔਗੁਣਾਂ ਦੇ ਖ਼ਤਮ ਹੋਣ ਨਾਲ ਮਨੁੱਖ ਅੰਦਰੋਂ ਆਜ਼ਾਦ ਹੋ ਜਾਂਦਾ ਹੈ ।

["ਸਿਖ, ਸਿਖੀ ਅਤੇ ਸਿਧਾਂਤ", ਪੰਨਾ ੭੮-੭੯

---

* ਸੋਰਠਿ ਮ. ੧, ਪੰਨਾ ੫੯੮, † ਮਾਰੂ ਮ: ੫, ਪੰਨਾ ੧੦੦੩ (ਲੋਹਾਰੀ = ਲੋਹੇ ਦੀ ਬੇੜੀ)



www.AKJ.Org

ਆਪ ਨੇ ਬੜੀ ਸੁਹਣੀ ਵਿਉਂਤ ਕਢੀ। ਪਹਿਲੇ ਇਨ੍ਹਾਂ ਵਿਚੋਂ ਹੀ ਇਨ੍ਹਾਂ ਦੇ ਜਥੇਦਾਰ ਦੀ ਮੰਗ ਕੀਤੀ ਅਤੇ ਸ: ਕਿਸ਼ਨ ਜੀ ਇਨ੍ਹਾਂ ਦੇ ਜਥੇਦਾਰ ਮੁਕੱਰਰ ਹੋਏ। ਪਹਿਲੇ ਉਸ ਨੂੰ ਅੰਮ੍ਰਿਤ ਪਾਨ ਕਰਵਾਇਆ ਤੇ ਫਿਰ ਸੰਗਤਾਂ ਨੂੰ ਅੰਮ੍ਰਿਤ ਛਕਾ ਤਿਆਰ-ਬਰ-ਤਿਆਰ ਕੀਤਾ। ਇਤਨੀ ਭਾਰੀ ਕਾਮਯਾਬੀ ਹੋਣ ਪਰ ਆਪ ਦੇ ਹੌਸਲੇ ਹੋਰ ਬਲੰਦ ਹੋ ਗਏ ਤੇ ਇਸ ਤਰ੍ਹਾਂ ਪਿੰਡ ਪਿੰਡ ਗੁਰਮਤਿ ਪ੍ਰਚਾਰ ਆਰੰਭ ਦਿੱਤਾ : ਹਜ਼ਾਰ-ਨਾਵ, ਬਿਸਾਵਲ, ਗਿਰਦੀ ਕਾਮਾ, ਜਲਾਲਾਬਾਦ, ਲਗਮਾਨ, ਕੁਜਾਛਾਰ, ਬਾਰਾ, ਬੱਲਾ, ਬਾਲ ਸੁਲਤਾਨਪੁਰ ਆਦਿ ਥਾਵਾਂ ਪਰ ਪਰਚਾਰ ਕਰਦੇ ਹੋਏ ਇਨ੍ਹਾਂ ਇਲਾਕਿਆਂ ਵਿਚ ਸਿੰਘ ਸਜਾ ਕਾਬਲ ਜਾ ਪੁਜੇ, ਜਿਥੇ ਹੋਰ ਕਈ ਸਿੰਘਾਂ ਨੂੰ ਤਿਆਰ-ਬਰ-ਤਿਆਰ ਸਿੰਘ ਸਜਾਇਆ, ਜਿਨ੍ਹਾਂ ਵਿਚੋਂ ਭਾਈ ਅਮਰ ਸਿੰਘ ਜੀ ਅਤੇ ਭਾ: ਮਖਣ ਸਿੰਘ ਜੀ ਜੈਸੇ ਮਸ਼ਹੂਰ ਸਜਣ ਵੀ ਸਨ।

ਅਕਾਲੀ ਜੀ ਜਦ ਵਾਪਸ ਢਾਕੇ (ਲਾਲਪੁਰੇ) ਪੁਜੇ ਤਾਂ ਇਥੇ ਦੇ ਮੌਲਵੀ ਇਨ੍ਹਾਂ ਦਾ ਤਿਆਰ-ਬਰ-ਤਿਆਰ ਸ਼ਸਤ੍ਰ-ਧਾਰੀ ਨਿਹੰਗ ਬਾਣਾ ਵੇਖ ਕੇ ਇਨ੍ਹਾਂ ਦੇ ਖ਼ਿਲਾਫ਼ ਭੜਕ ਉਠੇ। ਲਾਲਪੁਰੇ ਤੋਂ ਅਗੇ ਚਕਨੋਹ ਪਿੰਡ ਦੇ ਮੌਲਵੀਆਂ ਨੇ ਹੋਰ ਮੁਸਲਮਾਨ ਆਪਣੇ ਨਾਲ ਰਲਾ ਲਾਲਪੁਰੇ ਵਿਚ ਸਿੰਘਾਂ ਪਰ ਹੱਲਾ ਕਰਨ ਤੇ ਗੁਰਦੁਆਰਾ ਸਾਹਿਬ ਨੂੰ ਅਗਨ-ਭੇਟ ਕਰਨ ਦੀ ਵਿਉਂਤ ਬਣਾ ਲਈ। ਅਕਾਲੀ ਜੀ ਨੂੰ ਜਦ ਪਤਾ ਲਗਾ ਤਾਂ ਆਪ ਨੇ ਅਗੇ ਹੋ, ਇਨ੍ਹਾਂ ਮੁਲਾਣਿਆਂ ਤੇ ਮੁਸਲਮਾਨਾਂ ਨੂੰ ਸਮਝਾਇਆ ਬੁਝਾਇਆ ਤੇ ਆਪਣਾ ਆਪ ਪੇਸ਼ ਕਰ ਕੇ ਕਿਹਾ :

> "ਭਾਈਓ! ਤੁਸੀਂ ਨਾ ਤੇ ਇਨ੍ਹਾਂ ਸਿੰਘਾਂ ਨੂੰ ਹੀ ਮਾਰੋ ਤੇ ਨਾ ਹੀ ਗੁਰਦੁਆਰਾ ਸਾਹਿਬ ਨੂੰ ਹੀ ਕੋਈ ਨੁਕਸਾਨ ਪਹੁੰਚਾਓ, ਕਿਉਂਕਿ ਦੋਸ਼ੀ ਮੈਂ ਹੀ ਹਾਂ। ਮੈਨੂੰ ਮਾਰੋ ਯਾ ਜੋ ਕਰਨਾ ਹੈ ਕਰੋ, ਇਨ੍ਹਾਂ ਨੂੰ ਕੁਝ ਨਾ ਕਹੋ।"

ਇਥੇ ਆਪ ਨੇ ਖ਼ੁਦਾਈ ਖ਼ਲਕ ਅਤੇ ਭਰਾਤਰੀ ਭਾਵ ਤੇ ਅਜਿਹਾ ਵਿਦਵਤਾ ਭਰਿਆ ਭਾਸ਼ਨ ਦਿਤਾ ਅਤੇ ਕੁਰਾਨ ਦੀਆਂ ਆਇਤਾਂ ਪੜ੍ਹ ਕੇ ਸੁਣਾਈਆਂ ਕਿ ਕਾਤਲਾਨਾ ਹਮਲਾ ਕਰਨ ਦੀ ਬਜਾਏ ਉਨ੍ਹਾਂ ਲੋਕਾਂ ਦੇ ਸਿਰ ਆਪ ਦੇ ਸਾਹਮਣੇ ਝੁਕ ਗਏ। ਅਕਾਲੀ ਜੀ ਦੀ ਸ਼ਖਸੀਅਤ ਦਾ ਅਸਰ ਇਹਨਾਂ ਮੁੱਲਾਂ-ਮੁਲਾਣਿਆਂ ਤੇ ਅਜਿਹਾ ਹੋਇਆ ਕਿ ਇਹਨਾਂ ਦੀ ਨਿਰਾਦਰੀ ਕਰਨ ਬਦਲੇ ਇਹਨਾਂ ਦਾ ਸਤਿਕਾਰ ਕਰ ਕੇ ਘਰੀਂ ਮੁੜ ਗਏ।

ਆਪ ਪੂਰਨ ਗੁਰਸਿਖ ਅਤੇ ਇਕ ਅਕਾਲ ਦੇ ਪੁਜਾਰੀ ਸਨ। ਉਸ ਤੋਂ ਬਿਨਾਂ ਕਿਸੀ ਦਾ ਭੈ ਨਹੀਂ ਸਨ ਮੰਨਦੇ। ਕਾਬਲ ਪਿਸ਼ਾਵਰ ਦੇ ਇਲਾਕੇ ਵਿਚ ਆਪ ਪਰ ਬੜੀਆਂ ਔਕੜਾਂ ਆਈਆਂ, ਪਰ ਆਪ ਨੇ ਰਤਾ ਭਰ ਵੀ ਪਰਵਾਹ ਨਹੀਂ ਕੀਤੀ। ਪਸ਼ੌਰ ਤੋਂ ਜਦ ਮਹੱਲਾ ਆਸੀਆਂ ਦੀਆਂ ਬੀਬੀਆਂ ਦਾ ਰਾਗੀ ਜਥਾ ਨਾਲ ਲੈ ਕੇ ਆ ਰਹੇ ਸਨ ਤਾਂ ਰਸਤੇ ਵਿਚ ਆਪ ਪਰ ਡਾਕੂਆਂ ਨੇ ਹਮਲਾ ਕਰ ਦਿੱਤਾ ਅਤੇ ਆਪ ਨੂੰ ਕੁਝ ਜ਼ਖ਼ਮ ਵੀ ਆਏ। ਡਾਕੂਆਂ ਦਾ ਹਮਲਾ ਆਪ ਨੇ ਅਸਫਲ ਕਰ ਦਿੱਤਾ ਤੇ ਪਸ਼ੌਰ ਜਥੇ ਸਮੇਤ ਆ ਪੁੱਜੇ। ਇਥੇ ਪੋਲੀਟੀਕਲ ਏਜੰਟ ਨੂੰ ਇਸ ਗੱਲ ਦੀ ਖ਼ਬਰ ਪਹੁੰਚਾਈ। ਤਦ ਪੋਲੀਟੀਕਲ ਏਜੰਟ ਨੇ ਹਵਾਈ ਜਹਾਜ਼ ਪਰ ਫ਼ੋਜ ਘਲ ਕੇ ਦੋਸ਼ੀਆਂ ਨੂੰ ਪਕੜ ਮੰਗਾਇਆ ਤੇ ਉਹਨਾਂ ਨੂੰ ਕਰੜੀ ਸਜ਼ਾ ਦਿੱਤੀ ਗਈ।

ਅਮਾਨਉਲਾ ਮੂਵਮੈਂਟ ਵਿਚ ਜਦ ਕਾਬਲ (ਅਫਗਾਨਿਸਤਾਨ) ਦੇ ਸਿੰਘਾਂ ਪਰ ਕੇਸਾਂ ਬਾਰੇ ਔਕੜ ਬਣੀ ਤਾਂ ਉਥੇ ਜਾ ਕੇ ਉਸ ਸਮੇਂ ਇਨ੍ਹਾਂ ਦੀ ਮਦਦ ਕਰਨ ਦਾ ਕਿਸੀ ਮੁਖੀ ਜਾਂ ਸਭਾ ਸੁਸਾਇਟੀ ਨੂੰ ਹੀਆ ਨਹੀਂ ਸੀ ਪਿਆ। ਅਕਾਲੀ ਜੀ ਪੰਜਾਬ ਤੋਂ ਚਲ ਕੇ ਉਚੇਚਾ ਕਾਬਲ ਪੁਜੇ ਅਤੇ ਇਨ੍ਹਾਂ ਦੀ ਮਦਦ ਕੀਤੀ। ਇਸ 'ਅਮਾਨਉਲਾ ਅੰਦੋਲਨ' ਵਿਚ ਬਹੁਤ ਸਿੰਘ ਕਾਬਲ ਛਡ-ਛਡਾ ਕੇ ਸ੍ਰੀ ਅੰਮ੍ਰਿਤਸਰ ਜੀ ਆ ਗਏ। ਇਥੇ ਆਪ ਨੇ ਉਹਨਾਂ ਦੇ ਵਸਾਣ ਵਿਚ ਬੜੀ ਮਦਦ ਕੀਤੀ ਅਤੇ ਕਾਰਵਾਈ, ਤੇ ਇਹਨਾਂ ਦੇ ਦੁਖ ਸੁਖ ਵਿਚ ਸਹਾਈ ਹੁੰਦੇ ਰਹੇ।

ਇਕ ਸਿੰਘ ਸਾਹਿਬ ਭਾਈ ਥਾਨ ਸਿੰਘ ਜੀ (ਜਿਹੜੇ ਪਿਛੋਂ ਲੁਧਿਆਣੇ ਆ ਵਸੇ ਸਨ) ਦਸਦੇ ਹਨ ਕਿ ਇਕ ਵਾਰ ਮੇਰੇ ਪਿਤਾ ਜੀ ਬੀਮਾਰ ਹੋ ਗਏ, ਤਕਲੀਫ਼ ਬਹੁਤ ਵਧ ਗਈ, ਪਰ ਮਾਇਕ ਹਾਲਤ ਕਮਜ਼ੋਰ ਹੋਣ ਕਾਰਨ ਪੂਰਾ ਇਲਾਜ ਨਾ ਕਰਵਾ ਸਕੇ। ਪਤਾ ਨਹੀਂ ਇਸ ਗੱਲ ਦਾ ਅਕਾਲੀ ਜੀ ਨੂੰ ਕਿਥੋਂ ਪਤਾ ਲਗ ਗਿਆ, ਜੋ ਇਸ ਔਕੜ ਸਮੇਂ ਪਿਤਾ ਜੀ ਦੇ ਸੀਸ ਉਤੇ ਆ ਪੁਜੇ ਤੇ ਆ ਫ਼ਤਹ ਬੁਲਾਈ। ਘਰ ਇਸ ਸਮੇਂ ਹੋਰ ਕੋਈ ਨਹੀਂ



www.AKJ.Org

ਸੀ। ਸੁਖ ਸਾਂਦ ਪੁਛੀ ਤੇ ਧੀਰਜ ਦਿਤਾ। ਕੁਝ ਚਿਰ ਪਿਛੋਂ ਜਦੋਂ ਉਹ ਸੌਂ ਗਏ ਤਾਂ ਆਪ ਨੇ ਮੌਕਾ ਪਾ ਅਡੋਲ ਹੀ ਉਨ੍ਹਾਂ ਦੇ ਸਿਰਹਾਣੇ ਹੇਠ ੨੦੦ ਰੁਪਏ ਰਖ ਦਿੱਤੇ ਤੇ ਆਪ ਖਿਸਕ ਗਏ। ਦੂਜੇ ਦਿਨ ਜਦ ਉਹਨਾਂ ਬਿਸਤਰਾ ਝਾੜ ਕੇ ਵਿਛਾਇਆ ਤਾਂ ਸਿਰਹਾਣੇ ਹੇਠ ਸੌ ਸੌ ਦੇ ਦੋ ਨੋਟ ਵੇਖ ਕੇ ਹੈਰਾਨ ਹੋ ਗਏ। ਥੋੜੀ ਦੇਰ ਪਿਛੋਂ ਭਾਈ ਥਾਨ ਸਿੰਘ ਜੀ ਨੇ ਸਾਰੀ ਵਿਥਿਆ ਅਕਾਲੀ ਜੀ ਦੇ ਆਉਣ ਦੀ ਸੁਣਾਈ ਤਾਂ ਉਹ ਸਮਝ ਗਏ ਕਿ ਅਕਾਲੀ ਜੀ ਹੀ ਇਹ ਕਿਰਪਾ ਕਰ ਗਏ ਹਨ। ਇਸ ਮਾਇਆ ਕਰਕੇ ਦਵਾ ਦਾਰੂ ਕਰਨ ਨਾਲ ਉਹਨਾਂ ਦਾ ਦੁਖ ਨਵਿਰਤ ਹੋ ਗਿਆ ਤੇ ਉਹ ਪੂਰੀ ਤਰ੍ਹਾਂ ਅਰੋਗ ਹੋ ਗਏ।

ਕੁਝ ਸਮੇਂ ਬਾਅਦ ਹਾਲਾਤ ਨੇ ਪਲਟਾ ਖਾਧਾ, ਉਹਨਾਂ ਦੇ ਹਾਲਾਤ ਸੁਧਰੇ ਤਾਂ ਉਹਨਾਂ ਨੇ ਉਚੇਚਾ ਇਹ ੨੦੦ ਦੀ ਰਕਮ ਅਕਾਲੀ ਜੀ ਨੂੰ ਮੋੜਨੀ ਚਾਹੀ। ਪਰ ਆਪ ਨੇ ਲੈਣੋਂ ਇਨਕਾਰ ਕੀਤਾ ਤੇ ਕਿਹਾ, "ਸਿੰਘ ਸਾਹਿਬ ! ਇਹ ਰਕਮ ਉਸ ਸਮੇਂ ਗੁਰੂ ਨੇ ਭੇਜੀ ਸੀ, ਜੋ ਆਪ ਦੇ ਅਰਪਨ ਕੀਤੀ ਗਈ ਸੀ। ਇਸ ਨੂੰ ਹੁਣ ਮੈਂ ਵਾਪਸ ਨਹੀਂ ਲੈ ਸਕਦਾ।" ਉਹਨਾਂ ਦੇ ਬਹੁਤ ਮਜਬੂਰ ਕਰਨ ਪਰ ਆਪ ਨੇ ਕਿਹਾ—

"ਇਹ ਰਕਮ ਗੁਰੂ ਦੀ ਹੀ ਸੀ। ਜੇ ਤੁਸਾਂ ਵਾਪਸ ਹੀ ਕਰਨੀ ਹੈ ਤਾਂ ਗੁਰੂ ਅਰਪਨ ਕਿਸੀ ਹੋਰ ਲੋੜਵੰਦ ਸਜਣ ਨੂੰ ਦੇ ਦਿਓ ਤੇ ਸਮਝ ਲੈਣਾ ਤੁਸੀਂ ਗੁਰੂ ਦਾ ਕਰਜ਼ਾ ਉਤਾਰ ਦਿੱਤਾ ਹੈ।"

ਆਪ ਤੱਤ-ਗੁਰਮਤਿ ਵਿਚ ਰਹਿੰਦੇ ਸਨ, ਇਸ ਲਈ ਆਪ ਦਾ ਨਾਮ ਕਈ ਵੇਰ ਸ੍ਰੀ ਹਰਿਮੰਦਰ ਸਾਹਿਬ ਦੇ ਹੈਡ ਗ੍ਰੰਥੀ ਅਤੇ ਸ੍ਰੀ ਅਕਾਲ ਤਖ਼ਤ ਦੀ ਜਥੇਦਾਰੀ ਲਈ ਵੀਚਾਰ ਗੋਚਰੇ ਆਇਆ, ਪਰ ਆਪ ਸਦਾ ਹੀ 'ਨਾਂਹ' ਕਰਦੇ ਰਹੇ। ਇਕ ਵੇਰ 'ਪ੍ਰਕਾਸ਼' ਅਖ਼ਬਾਰ ਵਿਚ ਆਪ ਦਾ ਨਾਮ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਜਥੇਦਾਰੀ ਲਈ ਨਿਕਲਿਆ ਤਾਂ ਆਪ ਨੇ ਇਹ ਉਤਰ ਦਿੱਤਾ ਸੀ: —

"ਮੈਨੂੰ 'ਪ੍ਰਕਾਸ਼' ਵਿਚ ਇਹ ਪੜ੍ਹ ਕੇ ਹੈਰਾਨੀ ਹੋਈ ਹੈ ਕਿ ਕਿਸੀ ਸਜਣ ਨੇ ਦਾਸ ਦਾ ਨਾਮ ਸ੍ਰੀ ਅਕਾਲ ਤਖ਼ਤ ਜੀ ਦੀ ਸੇਵਾ ਵਾਸਤੇ ਦਸਣ ਦੀ ਖੇਚਲ ਕੀਤੀ ਹੈ।

"ਪਿਆਰੇ ਤੇ ਸਤਿਕਾਰ ਯੋਗ ਖਾਲਸਾ ਜੀ, ਮੈਂ ਬਿਨੇ ਕਰਦਾ ਹਾਂ ਕਿ : **ਸ੍ਰੀ ਅਕਾਲ ਤਖ਼ਤ ਜੀ ਦਾ ਜਥੇਦਾਰ ਜਿੱਥੇ ਸੂਰਬੀਰ, ਬਚਨ ਕੇ ਬਲੀ, ਹੋਣੇ ਚਾਹੀਦੇ ਹਨ ਉਥੇ ਬਾਣੀ ਦੇ ਪ੍ਰੇਮ ਅਭਿਆਸੀ ਵੀ ਹੋਣੇ ਚਾਹੀਦੇ ਹਨ।** ਜਿਥੇ ਦਾਸ ਇਹਨਾਂ ਗੁਣਾਂ ਤੋਂ ਖ਼ਾਲੀ ਹੈ ਉਥੇ ਇਹ ਭੀ ਬਾਤ ਹੈ ਕਿ ਮੇਰੇ ਪਾਸੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਇਕ ਦੰਪਤੀ (ਮਹਾਰਾਜਾ ਤੇ ਮਹਾਰਾਣੀ ਨਾਭਾ ਵੱਲ ਇਸ਼ਾਰਾ ਹੈ) ਖ਼ਾਲਸੇ ਨੇ ਅਜ ੪੨ ਸਾਲ ਦੇ ਕਰੀਬ ਹੋਏ, ਪ੍ਰਣ ਕਰਵਾਇਆ ਸੀ, ਕਿ ਮੈਂ ਕਿਸੀ ਪੰਥਕ ਜਥੇ ਦੀ ਅਹੁਦੇਦਾਰੀ ਜਾਂ ਗੌਰਮੈਂਟ ਦੇ ਕਿਸੀ ਮਹਿਕਮੇ ਦੀ ਨੌਕਰੀ ਨਹੀਂ ਕਰਨੀ। ਇਸ ਲਈ ਦਾਸ ਇਸ ਦੀ ਜ਼ਿਮੇਵਾਰੀ ਲੈਣੋਂ ਅਸਮਰਥ ਹੈ। ਤਾਂ ਤੇ ਕੋਈ ਸਜਣ ਮੇਰੇ ਸੰਬੰਧ ਵਿਚ ਕਿਸੀ ਅਜਿਹੀ ਸੇਵਾ ਲਈ ਨਾਮ ਲੈਣ ਦਾ ਸੰਕਲਪ ਹੀ ਦਿਲ ਵਿਚ ਯਾ ਲਿਖਤ ਵਿਚ ਨਾ ਲਿਆਵੇ। ਇਸ ਤਰ੍ਹਾਂ ਮੈਂ ਗੁਰੂ ਕਾ ਜਿੱਥੇ ਦੇਣਦਾਰ ਹੋਵਾਂਗਾ ਉਥੇ ਬਚਨ ਭੰਗ ਕਰਨ ਦਾ ਅਪਰਾਧੀ ਭੀ ਹੋਵਾਂਗਾ ਤੇ ਕਿਤਨੇ ਹੀ ਗੁਣਾਂ ਤੋਂ ਹੀਣ ਹੋਣ ਕਰਕੇ ਇਹ ਸੇਵਾ ਨਹੀਂ ਨਿਭਾ ਸਕਾਂਗਾ।" [ਜੀਵਨ ਬ੍ਰਿਤਾਂਤ ਅਕਾਲੀ ਕੌਰ ਸਿੰਘ ਜੀ

---


# ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ

| | | | |
|---|---|---|---|
| ਰੰਗਲੇ ਸਜਣ | ੭-੦੦ | ਜੇਲ੍ਹ ਚਿਠੀਆਂ | ੧੫-੦੦ |
| ਗੁਰਮਤਿ ਨਾਮ ਅਭਿਆਸ ਕਮਾਈ | ੬-੫੦ | ਅਣਡਿਠੀ ਦੁਨੀਆ | ੧੦-੦੦ |
| ਕੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਬੁਤਪ੍ਰਸਤੀ ਹੈ ? | ੩-੭੫ | ਸਚਖੰਡ ਦਰਸ਼ਨ | ੧-੭੫ |
| ਅਨਹਦ ਸ਼ਬਦ ਦਸਮ ਦੁਆਰ | ੬-੦੦ | ਝਟਕਾ ਮਾਸ ਪ੍ਰਥਾਇ ਤੱਤ ਗੁਰਮਤਿ ਨਿਰਣਯ | ੪-੦੦ |
| ਗੁਰਮਤਿ ਸੰਬੰਧੀ ਸ਼ੰਕਿਆਂ ਦੇ ਉਤਰ | ੦-੯੦ | ਅੰਮ੍ਰਿਤ ਕੀ ਹੈ ? | ੧-੦੦ |
| ਨਾਮ ਸੰਬੰਧੀ ਵਿਚਾਰ | ੦-੯੦ | ਸੁਪਨਾ ੦-੪੦ ਵਾਹਿਗੁਰੂ ਸਿਮਰਨ | ੦-੫੦ |
| ਆਸਤਕ ਤੇ ਨਾਸਤਕ | ੦-੩੫ | ਜ਼ਾਹਰਾ ਜ਼ਹੂਰ ਗੁਰੂ ਗੋਬਿੰਦ ਸਿੰਘ | ੦-੨੫ |


www.AKJ.Org

# ਸੇਵਕ ਕੀ ਓੜਕਿ ਨਿਬਹੀ ਪ੍ਰੀਤਿ

—ਮਾਰੂ ਮ: ੫, ਪੰਨਾ ੧੦੦੦

[ਵਲੋਂ—ਭਾਈ ਹਰਿਭਜਨ ਸਿੰਘ ਜੀ ਕੁਰਾਲੀ]

ਭਾਈ ਦਰਸ਼ਨ ਸਿੰਘ ਜੀ ਦਾ ਜਨਮ ੧੯੦੯ ਈਸਵੀ ਵਿਚ ਭਾ: ਹੀਰਾ ਸਿੰਘ ਦੇ ਘਰ ਪਿੰਡ ਮਿਠਾ ਟਿਵਾਣਾ ਜ਼ਿਲਾ ਸਰਗੋਧਾ ਪੱਛਮੀ ਪੰਜਾਬ ਵਿਚ ਹੋਇਆ ਸੀ ਮੁਢਲੀ ਵਿਦਿਆ ਖਾਲਸਾ ਸਕੂਲ ਵਿਚ ਪ੍ਰਾਪਤ ਕੀਤੀ । ਸੇਵਾ ਪੰਥੀ ਸੰਪ੍ਰਦਾਇ ਮਹੰਤ ਭਾਈ ਜਵਾਹਰ ਸਿੰਘ ਜੀ ਦੇ ਸ਼ਰਧਾਲੂ ਸਨ । ਨਿਤਾਪ੍ਰਤੀ ਗੁਰਦੁਆਰਾ ਸਾਹਿਬ ਪੁਜ ਕੇ ਗੁਰ-ਬਾਣੀ ਦਾ ਕੀਰਤਨ ਸ੍ਰਵਨ ਕਰਨਾ । ਲੰਗਰ ਆਦਿ ਦੀ ਸੇਵਾ ਵੀ ਕਰਦੇ ਰਹਿੰਦੇ ਸਨ । ਇਕ ਸਮੇਂ ਆਪਣੇ ਕਾਰ ਵਿਹਾਰ ਵਿਉਪਾਰ ਦੇ ਸੰਬੰਧ ਵਿਚ ਜ਼ਿਲਾ ਮੀਆਂਵਾਲੀ ਤੋਂ ਅਗੇ ਗਏ ਹੋਏ ਸਨ । ਕਿਸੇ ਪਿੰਡ ਵਿਚ ਸਵੇਰ ਸਮੇ ਇਕ ਮੁਸਲਿਮ ਔਰਤ ਆਪਣੇ ਵਜਦ ਵਿਚ ਖ਼ੁਦਾ ਦੀ ਬੰਦਗੀ ਵਿਚ 'ਅਲਾ-ਹੂ' 'ਅਲਾ-ਹੂ' ਦੀ ਰਟ ਵਿਚ ਮਗਨ ਸੀ । ਕੁਦਰਤੀ ਇਹ ਕੌਤਕ ਅਖੀਂ ਡਿਠਾ, ਬਹੁਤ ਹੀ ਅਸਚਰਜ ਹੋਏ । ਮੁਸਲਿਮ ਔਰਤ ਨੇ ਆਪਣੀ ਇਬਾਦਤ ਤੋਂ ਵੇਹਲੇ ਹੋ ਕੇ ਸਹਿਜ ਸੁਭਾ ਕਿਹਾ, "ਪੁਤਰ, ਕਦੇ ਸਮਾ ਆਵੇਗਾ, ਤੂੰ ਵੀ ਉਸ ਮਾਲਕ ਦੀ ਯਾਦ ਵਿਚ ਇਸੇ ਤਰ੍ਹਾਂ ਬੇਖ਼ੌਫ਼ ਮਗਨ ਹੋ ਕੇ ਜੁਟਿਆ ਕਰੇਂਗਾ ।"

੧੬-੧੭ ਸਾਲ ਦੀ ਅਵੱਸਥਾ ਹੋਣ ਦੇ ਸਮੇ ਭਾਈ ਦਰਸ਼ਨ ਸਿੰਘ ਜੀ ਹੋਰਾਂ ਨੇ ਮੰਡੀ ਫੁਲਰਵਾਨ ਵਿਚ ਸ: ਰਾਮ ਸਿੰਘ ਕੇਸਰ ਸਿੰਘ ਜੀ ਪਾਸ ਕਪਾਹ ਦੀ ਫ਼ੈਕਟਰੀ ਵਿਚ ਨੌਕਰੀ ਕਰ ਲਈ । ਜ਼ਿਲਾ ਸਰਗੋਧਾ ਵਿਚ ਸ: ਕੇਸਰ ਸਿੰਘ ਜੀ ਮੰਨੇ-ਪਰਮੰਨੇ ਸਰਦਾਰ ਸਨ ਅਤੇ ਗੁਰੂ ਘਰ ਤੇ ਅਥਾਹ ਸ਼ਰਧਾ ਰਖਦੇ ਸਨ । ਇਸ ਪਰਵਾਰ ਵਿਚ ਕਿਸੇ ਕਿਸਮ ਦੀ ਵੀ ਕੋਈ ਭੈੜੀ ਵਾਦੀ ਨਹੀਂ ਸੀ । ੧੫-੨੦ ਸਾਲ ਦਾ ਸਮਾਂ ਲਗਾਤਾਰ ਇਸ ਪ੍ਰਵਾਰ ਨਾਲ ਮਿਲ ਕੇ ਨੌਕਰੀ ਵਿਚ ਨਿਭਾਇਆ ।

ਸਰਦਾਰ ਜੀ ਹਮੇਸ਼ਾ ਹੀ ਹਰ ਸਾਲ ਕਪਾਹ ਦੀ ਫ਼ੈਕਟਰੀ ਨੂੰ ਚਲਾਣ ਸਮੇ ਜਾਂ ਬੰਦ ਕਰਨ ਸਮੇ ਸਤਿਗੁਰੂ ਦੀ ਓਟ ਲੈਂਦੇ ਹੋਏ ਦੋ ਸ੍ਰੀ ਅਖੰਡ ਪਾਠ ਰਖਾਇਆ ਕਰਦੇ ਸਨ, ਜਿਸ ਦੀ ਸੇਵਾ ਸੰਭਾਲ ਭਾਈ ਦਰਸ਼ਨ ਸਿੰਘ ਜੀ ਅਤੇ ਹੋਰ ਕਰਮਚਾਰੀ ਕਰਦੇ ਸਨ ।

ਸੇਵਾ ਪੰਥੀ ਸੰਪਰਦਾਇ ਦੇ ਸੰਚਾਲਕ ਸੰਤ ਨਿਸਚਲ ਸਿੰਘ ਜੀ ਨੇ ਮੰਡੀ ਬਹਾਉਦੀਨ ਵਿਚ ਬਹੁਤ ਸੁੰਦਰ ਗੁਰਦਵਾਰਾ ਸਾਹਿਬ ਬਣਾਇਆ ਸੀ । ਗੁਰਬਾਣੀ ਦਾ ਪਰਵਾਹ, ਕੀਰਤਨ ਅਤੇ ਲੰਗਰ ਦਾ ਪਰਵਾਹ ਸਦਾ ਹੀ ਚਲਦਾ ਰਹਿੰਦਾ । ਜਿਵੇਂ ਜਿਵੇਂ ਸਮਾ ਮਿਲਦਾ, ਭਾਈ ਦਰਸ਼ਨ ਸਿੰਘ ਜੀ ਨੇ ਸੰਤ ਨਿਸਚਲ ਸਿੰਘ ਜੀ ਹੋਰਾਂ ਪਾਸੋਂ ਗੁਰੂ ਗ੍ਰੰਥ ਸਾਹਿਬ ਜੀ ਦੇ ਲਗਾਂ ਮਾਤਰਾਂ ਸਹਿਤ ਸ਼ੁਧ ਪਾਠ ਦੀ ਸੰਥਿਆ ਪ੍ਰਾਪਤ ਕੀਤੀ । ਸੰਤ ਨਿਸਚਲ ਸਿੰਘ ਜੀ ਗੁਰਬਾਣੀ ਦੀ ਵਿਆਖਿਆ ਕਰਨ ਵਿਚ ਕਾਫ਼ੀ ਵਿਦਵਾਨ ਸਨ । ਨਿਮ੍ਰਤਾ ਅਤੇ ਸੀਤਲ ਸੁਭਾ ਵਾਲੇ ਸੰਤ ਸਨ । ਆਪ ਨੇ ਪਛਮੀ ਪੰਜਾਬ ਅਤੇ ਪੂਰਬੀ ਪੰਜਾਬ ਵਿਚ ਗੁਰਬਾਣੀ ਦਾ ਪ੍ਰਚਾਰ ਕੀਤਾ ।

ਇਕੇਰਾਂ ੧੯੪੦ ਈਸਵੀ ਵਿਚ ਲੁਧਿਆਣਾ ਸਾਈਡ ਦੇ ਇਕ ਗੁਰਮੁਖ ਪਿਆਰੇ ਗੁਰਸਿਖ ਜ਼ਿਲਾ ਸਰਗੋਧਾ ਵਿਖੇ ਕੋਰਟ ਵਿਚ ਆਫੀਸਰ ਲਗੇ ਹੋਏ ਸਨ । ਇਨ੍ਹਾਂ ਦੀ ਪ੍ਰੇਰਨਾ ਨਾਲ ਭਾ: ਸਾ: ਭਾਈ ਰਣਧੀਰ ਸਿੰਘ ਜੀ ਜਥੇ ਸਮੇਤ ਸਰਗੋਧੇ ਸ਼ਹਿਰ ਵਿਚ ਪਹਿਲੀ ਵੇਰ ਆਏ । ਤਿੰਨ ਚਾਰ ਦਿਨ ਕੀਰਤਨ ਦੀਆਂ ਝੜੀਆਂ ਲਾਈਆਂ । ਕੀਰਤਨ ਰਾਹੀਂ ਸੰਗਤਾਂ ਨਿਹਾਲੋ ਨਿਹਾਲ ਹੋਈਆਂ । ਉਨ੍ਹਾਂ ਦਿਨਾਂ ਵਿਚ ਮੰਡੀ ਫੁਲਰਵਾਨ ਤੋਂ ਆਏ ਸਿੰਘਾਂ ਨੇ ਭਾਈ ਸਾਹਿਬ ਸਮੇਤ, ਜਥੇ ਨੂੰ ਗੁਰਮਤਿ ਪ੍ਰਚਾਰ ਲਈ ਫੁਲਰਵਾਨ ਪੁਜਣ ਲਈ ਬਿਨੇ ਕੀਤੀ । ਬੇਨਤੀ ਪਰਵਾਨ ਹੋਈ ਗਰਮੀਆਂ ਦੇ ਦਿਨ ਸਨ । ਦੂਜੇ ਹੀ ਦਿਨ ਭਾਈ ਸਾਹਿਬ ਜਥੇ ਸਮੇਤ ਸਵੇਰ ਦੀ ਗੱਡੀ ਤੇ ਫੁਲਰਵਾਨ ਪੁਜ ਗਏ । ਆਉਂਦੇ ਸਾਰ ਹੀ ਗੁਰਦਵਾਰਾ ਸਾਹਿਬ ਵਿਚ ਦੀਵਾਨ ਸਜ ਗਏ, ਕੀਰਤਨ ਆਰੰਭ ਹੋ ਗਏ, ਨਾਮ-ਰਸੀਏ ਗੁਰੂ ਕੇ ਕੀਰਤਨੀਏ



www.AKJ.Org

ਮਸਤੁਲ ਮਸੱਤ ਕੀਰਤਨ ਵਿਚ ਰੰਗੀਜੇ ਰਹੇ। ਕੀਰਤਨ ਕਰਦਿਆਂ ਨੂੰ ੧੧ ਵਜ ਗਏ। ਭਾਈ ਸਾਹਿਬ ਜੀ ਹੋਰਾਂ ਨੂੰ ਭਾਈ ਦਰਸ਼ਨ ਸਿੰਘ ਜੀ ਨੇ ਸਮਾਪਤੀ ਲਈ ਬਿਨੇ ਕੀਤੀ। ਪਰ ਕੀਰਤਨ ਦਾ ਅਨੰਦ ਬਝਿਆ ਹੋਇਆ, ਸੰਗਤਾਂ ਕੀਰਤਨ ਸ੍ਰਵਨ ਕਰ ਰਹੀਆਂ, ਤਕਰੀਬਨ ਇਕ ਵਜੇ ਦੁਪਹਿਰ ਕੀਰਤਨ ਦੀ ਸਮਾਪਤੀ ਹੋਈ। ਕੁਝ ਸਮੇ ਬਾਅਦ ਭਾਈ ਸਾਹਿਬ ਜੀ ਕਹਿਣ ਲਗੇ, "ਮੈਨੂੰ ਸਮਾਪਤੀ ਲਈ ਇਸ ਤਰ੍ਹਾਂ ਕਹਿਆ ਗਿਆ ਜਿਵੇਂ ਕਿ ਮੈਂ ਇਨ੍ਹਾਂ ਪਾਸੋਂ ਟਕੇ ਲੈਣ ਆਇਆ ਹਾਂ।" ਭਾਈ ਦਰਸ਼ਨ ਸਿੰਘ ਜੀ ਹੋਰਾਂ ਨੇ ਬੇਨਤੀ ਕੀਤੀ, "ਸੰਗਤਾਂ ਉਤਾਵਲੀਆਂ ਹੋ ਰਹੀਆਂ ਸਨ।"

"ਪੂਰਬ ਜਨਮ ਕੇ ਮਿਲੇ ਸੰਜੋਗੀ", ਦੋ ਦਿਨ ਵਾਹ ਵਾਹ ਅਖੰਡ ਕੀਰਤਨ ਦੇ ਦੀਵਾਨ ਸਜੇ। ਉਸੇ ਸਮੇ ਪੰਚਾਂ ਵਲੋਂ ਅੰਮ੍ਰਿਤ-ਸਿੰਚਾਰ ਹੋਇਆ। ੪੦ ਸਿੰਘਾਂ ਦੇ ਕਰੀਬ ਭਾਈ ਦਰਸ਼ਨ ਸਿੰਘ ਜੀ ਦੰਪਤੀ ਅਤੇ ਉਨ੍ਹਾਂ ਦੇ ਵਡੇ ਭਰਾਤਾ ਭਾ: ਸੁਜਾਨ ਸਿੰਘ ਤੇ ਛੋਟੇ ਭਰਾਤਾ ਭਾ: ਰਣਜੀਤ ਸਿੰਘ ਆਦਿਕ ਖੰਡੇ ਬਾਟੇ ਦੀ ਪਾਹੁਲ ਛਕ ਕੇ ਜ਼ਹਾਜੇ ਚੜ੍ਹੇ। ਉਸ ਸਮੇ ਅੰਮ੍ਰਿਤ ਦੀ ਅਲੌਕਿਕ ਕਲਾ ਵਰਤੀ, ਸਿੰਘ ਲੋਟ ਪੋਟ ਹੋ ਗਏ। ਸ: ਕੇਸਰ ਸਿੰਘ ਜੀ ਫ਼ੈਕਟਰੀ ਦੇ ਮਾਲਕ ਵੇਖ ਵੇਖ ਹੈਰਾਨ ਰਹਿ ਗਏ, ਅਤੇ ਸੋਚੀਂ ਪੈ ਗਏ, ਪਤਾ ਨਹੀਂ ਕੀ ਹੋ ਜਾਣੈਂ। ਮਾਸਟਰ ਇੰਦਰਜੀਤ ਸਿੰਘ ਜੀ ਨੇ ਸਰਦਾਰ ਜੀ ਨੂੰ ਦਸਿਆ, ਇਹ ਸਾਰੀ ਖੇਡ ਅੰਮ੍ਰਿਤ ਦੀ ਕਲਾ ਹੈ।

ਇਸ ਤੋਂ ਪਿਛੋਂ ਭਾਈ ਦਰਸ਼ਨ ਸਿੰਘ ਜੀ ਨੇ ਸਭ ਸ਼ੌਕੀਨੀਆਂ ਤਿਆਗ ਦਿਤੀਆਂ ਅਤੇ ਨਿਤਾਪ੍ਰਤੀ ਸੰਗ ਸਾਥ ਨਾਲ ਨਾਮ ਸਿਮਰਨ ਵਿਚ ਜੁਟੇ ਰਹਿੰਦੇ। ਅੰਮ੍ਰਿਤ ਵੇਲੇ ਦੀ ਸੰਭਾਲ, ਨਾਮ ਸਿਮਰਨ ਮਗਰੋਂ ਨਿਤਨੇਮ ਪੰਜ ਬਾਣੀਆਂ, ਉਪਰੰਤ ਗੁਰਦਵਾਰੇ ਸਾਹਿਬ ਕੀਰਤਨ ਸ੍ਰਵਨ ਕਰਨਾ—

ਸਤਿਗੁਰੂ ਫੁਰਮਾਇਆ ਕਾਰੀ ਏਹ ਕਰੇਹੁ ॥
ਗੁਰੂ ਦੁਆਰੈ ਹੋਇ ਕੈ ਸਾਹਿਬੁ ਸੰਮਾਲੇਹੁ ॥੨॥੧੫॥

(ਮ: ੩, ਬਿਹਾਗੜੇ ਕੀ ਵਾਰ, ਪੰਨਾ ੫੫੪)

ਫ਼ੈਕਟਰੀ ਦੇ ਕੰਮ ਕਾਰ ਤੋਂ ਵੇਹਲੇ ਹੋ ਕੇ ਸ਼ਾਮ ਨੂੰ ਸ: ਪਰਦੁਮਨ ਸਿੰਘ ਮੁਨੀਮ ਨੂੰ ਨਾਲ ਲੈ ਕੇ, ਸ਼ਹਿਰ ਤੋਂ ਬਾਹਰ ਨਹਿਰ ਦੇ ਕੰਢੇ ਹਰਿਆਵਲੀ ਥਾਂ ਤੇ ਬੈਠ ਕੇ ਖ਼ੂਬ ਨਾਮ ਸਿਮਰਨ ਕਰਨਾ, ਅਤੇ ਸੋਦਰ ਦਾ ਪਾਠ ਉਥੇ ਹੀ ਕਰਨਾ। ਕਈ ਵੇਰੀ ਕਾਫ਼ੀ ਰਾਤ ਬਤੀਤ ਹੋ ਜਾਣ ਮਗਰੋਂ ਕਾਰਖ਼ਾਨੇ ਵਾਪਸ ਪਰਤਣਾ। ਰਾਤ ਨੂੰ ਬੈਂਜੋ ਰਾਹੀਂ ਅਖੰਡ ਕੀਰਤਨ ਗੁਰਬਾਣੀ ਦਾ ਗਾਇਨ ਕਰਨਾ। ਪਰਵਾਰ ਦੇ ਬੱਚੇ ਬੱਚੀਆਂ ਸਮੇਤ ਕੀਰਤਨ ਦੇ ਲਾਹੇ ਲੈਣੇ। ੧੯੪੨ ਵਿਚ ਦਾਸ (ਹਰਿਭਜਨ ਸਿੰਘ) ਭਣੇਵੇਂ ਦੀ ਰਿਸ਼ਤੇਦਾਰੀ ਦੇ ਸਬੰਧ ਵਿਚ ਆਪਣੇ ਨਗਰ ਤੋਂ ਗਰਮੀਆਂ ਦੀਆਂ ਆਮ ਛੁਟੀਆਂ ਕਟਣ ਲਈ ਭਾਈ ਸਾਹਿਬ ਪਾਸ ਗਿਆ ਹੋਇਆ ਸੀ। ਦਾਸ ਦੀ ਬਾਲਕ ਅਵਸਥਾ ਸੀ। ਆਪ ਜੀ ਖਾਸ ਕਰ ਉਸ ਸਮੇ ਕੀਰਤਨ ਕਰਦੇ ਹੋਏ ਇਨ੍ਹਾਂ ਸ਼ਬਦਾਂ ਨੂੰ ਗਾਇਨ ਕਰਦੇ ਸਨ :—

(ੳ) ਜਿਸ ਕੇ ਸਿਰ ਊਪਰਿ ਤੂੰ ਸੁਆਮੀ, ਸੋ ਦੁਖੁ ਕੈਸਾ ਪਾਵੈ ॥ ਸੂਹੀ ਮਹਲਾ ੫, ਪੰਨਾ ੭੪੯

(ਅ) ਸੁਪਨੈ ਊਭੀ ਭਈ ਗਹਿਓ ਕੀ ਨ ਅੰਚਲਾ ॥ ਸੁੰਦਰ ਪੁਰਖ ਬਿਰਾਜਿਤ ਪੇਖਿ ਮਨੁ ਬੰਚਲਾ ॥
ਖੋਜਉ ਤਾ ਕੇ ਚਰਣ ਕਹਹੁ ਕਤ ਪਾਈਐ ॥ ਹਰਿਹਾਂ ਸੋਈ ਜਤੰਨੁ ਬਤਾਇ, ਸਖੀ ਪ੍ਰਿਉ ਪਾਈਐ ॥
ਫੁਨਹੇ ਮ: ੫, ਪੰਨਾ ੧੩੬੨)

(ੲ) ਅਵਰਿ ਉਪਾਵ ਸਭਿ ਤਿਆਗਿਆ, **ਦਾਰੂ ਨਾਮੁ ਲਇਆ** ॥
ਤਾਪ ਪਾਪ ਸਭਿ ਮਿਟੇ ਰੋਗ, ਸੀਤਲ ਮਨੁ ਭਇਆ ॥ ਬਿਲਾਵਲ ਮ: ੫, ਪੰਨਾ ੮੧੭

'ਦਾਰੂ ਨਾਮੁ ਲਇਆ' ਦੀ ਪੰਗਤੀ ਨੂੰ ਮੁੜ ਮੁੜ ਕੇ ਇਲਾਹੀ ਰੰਗਾਂ ਵਿਚ ਗਾਇਨ ਕਰਦੇ ਸਨ।

ਇਕੇਰਾਂ ਭਾਈ ਦਰਸ਼ਨ ਸਿੰਘ ਜੀ ਦੇ ਵਡੇ ਭਰਾਤਾ ਭਾਈ ਸੁਜਾਨ ਸਿੰਘ ਜੀ ਜ਼ਿਆਦਾ ਬੀਮਾਰ ਹੋ ਗਏ। ਚ ਕਈ ਦਿਨ ਲੰਘ ਗਏ। ਸਰੀਰਕ ਰੋਗ ਠੀਕ ਨਾ ਹੋਇਆ। ਭਾਈ ਦਰਸ਼ਨਸਿੰਘ ਜੀ ਉਨ੍ਹਾਂ ਦਿਨਾਂ ਵਿਚ



www.AKJ.Org

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਪਾਸ ਨਾਰੰਗਵਾਲ ਗਏ ਹੋਏ ਸਨ। ਲੁਧਿਆਣਾ ਜ਼ਿਲਾ ਤਕਰੀਬਨ ਪੌਣੇ ਤਿੰਨ ਸੌ ਮੀਲ ਸਰਗੋਧਾ ਜ਼ਿਲੇ ਤੋਂ ਦੂਰ ਸੀ। ਵੈਸੇ ਵੀ ਕੁਝ ਸਮਾਂ ਭਾਈ ਦਰਸ਼ਨ ਸਿੰਘ ਜੀ ਹੋਰਾਂ ਨੂੰ ਭਾਈ ਸਾਹਿਬ ਪਾਸ ਰਹਿਣ ਵਿਚ ਬਤੀਤ ਹੋ ਗਿਆ, ਕਿਉਂਕਿ ਭਾਈ ਸਾਹਿਬ ਪਾਸੋਂ ਵਿਛੜਨਾ ਕੋਈ ਸੌਖਾ ਕੰਮ ਨਹੀਂ ਸੀ। ਭਾਈ ਸਾਹਿਬ ਹਰ ਗੁਰਸਿੱਖ ਨਾਲ ਕਾਫ਼ੀ ਪਿਆਰ ਕਰਦੇ ਸਨ। ਭਾਈ ਸੁਜਾਨ ਸਿੰਘ ਆਪਣੇ ਛੋਟੇ ਭਰਾ ਦੇ ਵਿਛੋੜੇ ਵਿਚ ਕਾਫ਼ੀ ਉਤਾਵਲੇ ਹੋਏ, ਕਾਰਖ਼ਾਨੇ ਦੇ ਲਹਿੰਦੇ ਪਾਸੇ ਦੀ ਬਾਹੀ ਦੇ ਨਾਲ ਨਾਲ ਰੇਲਵੇ ਲਾਈਨ ਸੀ। ਸਰਗੋਧੇ ਤੋਂ ਚਲ ਕੇ ਪਹਿਲੀ ਟਰੇਨ ਸਵੇਰ ੭ ਵਜੇ ਫੁਲਰਵਾਨ ਪੁਜਦੀ ਸੀ। ਅਸੀਂ ਨਿਤਾਪ੍ਰਤੀ ਕੋਠਿਆਂ ਉਪਰ ਚੜ੍ਹ ਕੇ ਗੱਡੀ ਉਡੀਕਦੇ ਸਾਂ। ਇਕ ਦਿਨ ਕੁਦਰਤੀ ਸਵੇਰ ਸਮੇ ਦੀ ਟਰੇਨ ਤੇ ਹੀ ਭਾਈ ਦਰਸ਼ਨ ਸਿੰਘ ਜੀ, ਭਾਈ ਸਾਹਿਬ ਪਾਸੋਂ ਵਿਦਾਇਗੀ ਲੈ ਕੇ ਫੁਲਰਵਾਨ ਪੁਜ ਗਏ। ਦਾਸ ਨੇ ਗੱਡੀ ਵਿਚ ਬੈਠਿਆਂ ਦੇਖ ਲਿਆ। ਭਾਈ ਸੁਜਾਨ ਸਿੰਘ ਜੀ ਹੋਰਾਂ ਨੇ ਦਾਸ ਪਾਸੋਂ ਪੁਛ ਕੀਤੀ ਕਿ ਗੱਡੀ ਵਿਚ ਭਾਈ ਦਰਸ਼ਨ ਸਿੰਘ ਜੀ ਨੂੰ ਵੇਖਿਆ ਹੈ ਜਾਂ ਨਹੀਂ। ਸੋ ਦਾਸ ਨੇ ਉਤਰ ਦਿਤਾ, "ਨੀਲੀ ਦਸਤਾਰ ਵਾਲੇ ਮੈਨੂੰ ਮਾਮਾ ਜੀ (ਭਾਈ ਦਰਸ਼ਨ ਸਿੰਘ ਜੀ) ਹੀ ਜਾਪਦੇ ਹਨ। ਕੁਝ ਮਿੰਟਾਂ ਮਗਰੋਂ ਭਾਈ ਸਾਹਿਬ ਵੀ ਕਾਰਖ਼ਾਨੇ ਪੁਜ ਗਏ। ਦੋਵੇਂ ਭਰਾ ਗਲਵਕੜੀ ਪਾ ਕੇ ਮਿਲੇ। ਬੱਸ ਦਿਨਾਂ ਵਿਚ ਹੀ ਭਾਈ ਸੁਜਾਨ ਸਿੰਘ ਜੀ ਰਾਜ਼ੀ ਹੋ ਗਏ।

ਮਾਇਆ-ਮੋਹ ਦੇ ਧੰਦੇ ਨੂੰ ਤਿਆਗ ਕੇ ਇਕ ਸੱਚੀ ਕਾਰ ਵਿਚ ਮਗਨ ਰਹਿਣਾ—

ਰਤਨ ਪਦਾਰਥ ਵਣਜੀਅਹਿ, ਸਤਿਗੁਰਿ ਦੀਆ ਬੁਝਾਈ ਰਾਮ॥......
ਮਾਇਆ ਮੋਹੁ ਸਭੁ ਦੁਖੁ ਹੈ, **ਖੋਟਾ ਇਹੁ ਵਪਾਰਾ** ਰਾਮ॥
ਕੂੜੁ ਬੋਲਿ ਬਿਖੁ ਖਾਵਣੀ ਬਹੁ ਵਧਹਿ ਵਿਕਾਰਾ ਰਾਮ॥......
**ਸਚਾ ਸਉਦਾ** ਹਰਿ ਨਾਮੁ ਹੈ, ਸਚਾ ਵਾਪਾਰਾ ਰਾਮ॥
ਗੁਰਮਤੀ ਹਰਿ ਨਾਮੁ ਵਣਜੀਐ, ਅਤਿ ਮੋਲੁ ਅਫਾਰਾ ਰਾਮ॥

—ਵਡਹੰਸ ਮਹਲਾ ੩, ਪੰਨਾ ੫੬੯-੭੦

ਮਾਇਆ ਮੋਹ ਤੋਂ ਨਿਰਲੇਪ ਰਹਿ ਕੇ ਅਠੇ ਪਹਿਰ ਨਾਮ ਸਿਮਰਨ ਵਿਚ ਜੁਟੇ ਰਹਿਣਾ, ਅਤੇ ਸਿੱਧਾ ਸਾਦਾ ਜੀਵਨ ਬਤੀਤ ਕਰਨਾ ਹੀ ਇਨ੍ਹਾਂ ਦਾ ਸਭ ਤੋਂ ਵਡਾ ਆਹਰ ਸੀ। ਇਨ੍ਹਾਂ ਦੇ ਜੀਵਨ ਨੂੰ ਵੇਖ ਕੇ ਆਮ ਜੀਵਨ ਵਾਲੇ ਵਿਅਕਤੀ ਆਪ ਜੀ ਨੂੰ ਅਕਾਲੀ ਸਿੰਘ ਕਹਿੰਦੇ ਸਨ।

ਇਕੇਰਾਂ ਤਹਿਸੀਲ ਭਲਵਾਲ ਵਿਚ ਆਪ ਜੀ ਕਪਾਹ ਦੀ ਖ਼ਰੀਦ ਕਰਨ ਗਏ। ਸੀਜ਼ਨ ਜ਼ੋਰਾਂ ਵਿਚ ਸੀ। ਮਾਲ ਦੀ ਖ਼ਰੀਦ ਕਰਦੇ ਕਰਦੇ ਉਥੇ ਕਾਫ਼ੀ ਦੇਰ ਹੋ ਗਈ। ਰਾਤ ਨੂੰ ਆਪਣੇ ਕਿਸੇ ਮਿੱਤਰ ਪਾਸ ਹੀ ਠਹਿਰ ਗਏ। ਰਾਤ ਨੂੰ ਸੁਤੇ ਹੋਇਆਂ ਸੁਆਸਾਂ ਨਾਲ 'ਵਾਹਿਗੁਰੂ' 'ਵਾਹਿਗੁਰੂ' ਦੀ ਮੱਧਰ ਆਵਾਜ਼ ਬਰੜਾ ਕੇ ਨਿਕਲਦੀ। ਜਿਥੇ ਠਹਿਰੇ ਹੋਏ ਸਨ, ਉਨ੍ਹਾਂ ਨੂੰ ਆਵਾਜ਼ ਦੀ ਸਮਝ ਨ ਲਗੇ। ਘਰ ਦੇ ਡਰ ਗਏ ਕਿ ਪਤਾ ਨਹੀਂ ਭਾ: ਦਰਸ਼ਨ ਸਿੰਘ ਜੀ ਨੂੰ ਕੀ ਹੋ ਗਿਆ ਹੈ। ਭਾਈ ਮਖਨ ਸਿੰਘ ਅਕਾਲੀ ਨੇ ਬੜੇ ਗਹੁ ਨਾਲ ਆਵਾਜ਼ ਨੂੰ ਸਮਝਣ ਦਾ ਜਤਨ ਕੀਤਾ ਤੇ ਕਹਿਣ ਲਗੇ, ਇਹ ਮੱਧਰ ਮੱਧਰ ਆਵਾਜ਼ ਸਿਮਰਨ ਵਾਹਿਗੁਰੂ ਵਾਹਿਗੁਰੂ ਦੀ ਹੈ। ਸਵੇਰ ਹੋਣ ਸਮੇ ਭਾਈ ਦਰਸ਼ਨ ਸਿੰਘ ਪਾਸੋਂ ਪੁਛ ਕੀਤੀ, ਕਿ ਇਹ ਆਵਾਜ਼ ਕੀ ਸੀ? ਤਾਂ ਕਹਿਣ ਲਗੇ, ਕੋਈ ਐਸੀ ਵੈਸੀ ਆਵਾਜ਼ ਨਹੀਂ ਸੀ। ਮਿਤਰ ਸਨੇਹੀ ਕਹਿਣ ਲਗੇ, ਸੁਤਿਆਂ ਸੁਤਿਆਂ ਆਪ ਦੇ ਅੰਦਰੋਂ ਵਾਹਿਗੁਰੂ ਵਾਹਿਗੁਰੂ ਦੀ ਆਵਾਜ਼ ਸੁਣਾਈ ਦੇਂਦੀ ਸੀ। ਭਾਈ ਦਰਸ਼ਨ ਸਿੰਘ ਜੀ ਮੁੜ ਕੇ ਉਨ੍ਹਾਂ ਦੇ ਘਰ ਕਦੇ ਨਹੀਂ ਠਹਿਰੇ, ਕੰਮ ਕਾਰ ਕਰ ਕੇ ਵਾਪਸ ਫੁਲਰਵਾਨ ਆ ਜਾਂਦੇ ਸਨ।

ਭਾਈ ਦਰਸ਼ਨ ਸਿੰਘ ਜੀ ਦੇ ਇਸ ਕਾਇਆ-ਕਲਪ ਦੇ ਅਚਰਜ ਪਲਟੇ ਨੂੰ ਵੇਖ ਵੇਖ ਕੇ ਸ: ਕੇਸਰ ਸਿੰਘ ਜੀ ਹੈਰਾਨ ਹੁੰਦੇ ਸਨ। ਸਰਦਾਰਨੀ ਬੀਬੀ ਰਵੇਲ ਕੌਰ ਜੀ ਵੀ ਆਪ ਦਾ ਕਾਫ਼ੀ ਸਤਿਕਾਰ ਕਰਦੇ ਸਨ। ਇਹ


www.AKJ.Org

ਬੀਬੀ ਜੀ ਬਾਬਾ ਖੜਕ ਸਿੰਘ ਜੀ ਆਹਲੂਵਾਲੀਏ ਦੇ ਗੁਰਸਿਖ ਪ੍ਰਵਾਰ ਨਾਲ ਸਬੰਧਤ ਸਨ।

ਸੰਨ ੧੯੪੧-੪੫ ਵਿਚ ਭਾ: ਸਾ: ਭਾਈ ਰਣਧੀਰ ਸਿੰਘ ਜੀ ਅਖੰਡ ਕੀਰਤਨੀ ਜੱਥਿਆਂ ਨੂੰ ਨਾਲ ਲੈ ਕੇ ਜੇਹਲਮ, ਲਾਇਲਪੁਰ, ਫੂਲਰਵਾਨ ਐਬਟਾਬਾਦ ਮਿੰਟਗੁਮਰੀ, ਆਦਿ ਥਾਵਾਂ ਤੇ ਸ੍ਰੀ ਅਖੰਡ ਪਾਠ ਅਤੇ ਕੀਰਤਨ ਸਮਾਗਮ ਲਈ ਪੁਜਦੇ ਰਹੇ। ਭਾਈ ਦਰਸ਼ਨ ਸਿੰਘ ਜੀ ਹੋਰੀ ਵੀ ਕੀਰਤਨ ਦੇ ਲਾਹੇ ਲੈਣ ਲਈ ਇਨ੍ਹਾਂ ਸਮਾਗਮਾਂ ਵਿਚ ਪੁਜ ਜਾਂਦੇ ਸਨ।

ਕਿਸ ਹੀ ਕੋਈ ਕੋਇ ਮੰਞੁ ਨਿਮਾਣੀ ਇਕੁ ਤੂੰ ॥
ਕਿਉ ਨ ਮਰੀਜੈ ਰੋਇ ਜਾ ਲਗੁ ਚਿਤਿ ਨ ਆਵਹੀ ॥੧॥੨੦॥ (ਪੰਨਾ ੭੪੧)

ਜੀਵਨ ਨੂੰ ਸਫਲ ਬਨਾਣ ਲਈ ਇਕੋ ਇਹੋ ਵੀਚਾਰ ਸੀ—

ਧ੍ਰਿਗੁ ਜੀਵਣੁ ਸੰਸਾਰ ਸਚੇ ਨਾਮ ਬਿਨੁ ॥
ਪ੍ਰਭੁ ਦਾਤਾ ਦਾਤਾਰ ਨਿਹਚਲੁ ਏਹੁ ਧਨੁ ॥੨੦॥ (ਰਾਮਕਲੀ ਵਾਰ, ਪੰਨਾ ੯੫੬)
ਸੁਤਿਆ ਗੁਰੁ ਸਾਲਾਹੀਐ, ਉਠਦਿਆ ਭੀ ਗੁਰੁ ਆਲਾਉ ॥੪॥ (ਪੰਨਾ ੭੫੮)

ਦਾਸ ੧੯੪੬ ਵਿਚ ਦਸਵੀਂ ਪਾਸ ਕਰਨ ਮਗਰੋਂ ਟਾਈਪ ਦੀ ਸਿਖਲਾਈ ਕਰ ਕੇ ਆਪਣੇ ਨਾਨਕੇ ਪਰਵਾਰ ਵਿਚ ਜਾ ਠਹਿਰਿਆ। ਘਰੇਲੂ ਵਪਾਰਕ ਅਤੇ ਜ਼ਿਮੀਦਾਰਾ ਕੰਮ ਹੋਣ ਦੇ ਬਾਵਜੂਦ ਵੀ ਦਾਸ ਦਾ ਨੌਕਰੀ ਵਲ ਜ਼ਿਆਦਾ ਧਿਆਨ ਸੀ। ਭਾਈ ਦਰਸ਼ਨ ਸਿੰਘ ਜੀ ਨਜ਼ਦੀਕੀ ਰਿਸ਼ਤੇਦਾਰ ਹੋਣ. ਕਾਰਨ ਸ: ਕੇਸਰ ਸਿੰਘ ਜੀ ਰਾਹੀਂ ਦਾਸ ਨੂੰ ਬੈਂਕ ਵਿਚ ਅਛੀ ਸਰਵਿਸ ਮਿਲ ਗਈ। ਪੂਰਬਲੇ ਸੰਜੋਗਾਂ ਅਨੁਸਾਰ ੧੯੪੬ ਦੇ ਸਿਆਲੀ ਮੌਸਮ ਵਿਚ ਪਹਿਲੀ ਰੈਣ ਸਬਾਈ ਕੀਰਤਨ ਸਮਾਗਮ ਵਿਚ ਸ਼ਾਮਲ ਹੋਣ ਦਾ ਮੌਕਾ ਦਾਸ ਨੂੰ ਪ੍ਰਾਪਤ ਹੋਇਆ। ਇਹ ਸਮਾਗਮ ਬੀਬੀ ਅਮਰਜੀਤ ਕੌਰ ਦੇ ਨਿਵਾਸ-ਅਸਥਾਨ ਤੇ ਹੋਏ। ਇਸ ਸਮਾਗਮ ਵਿਚ ਗਿਆਨੀ ਇੰਦਰਜੀਤ ਸਿੰਘ ਜੀ ਲਾਇਲਪੁਰ ਤੋਂ, ਭਾਈ ਸੰਤੋਖ ਸਿੰਘ ਕਿਤਾਬਾਂ ਵਾਲੇ ਸਰਗੋਧੇ ਤੋਂ, ਭਾ: ਮੱਲ੍ਹਾ ਸਿੰਘ ਭੇਰੇ ਵਾਲੇ, ਭਾ: ਜਗਤ ਸਿੰਘ ਮੰਡੀ ਬਹਾਉਦੀਨ ਤੋਂ ਅਤੇ ਭਾ: ਹਰਕਿਸ਼ਨ ਸਿੰਘ ਜੀ (ਜਾਨ ਸੁਖਾਲਾ) ਇਕੱਤਰ ਹੋਏ। ਕੀਰਤਨ ਦਾ ਆਰੰਭ ਇਸ ਸ਼ਬਦ ਨਾਲ ਹੋਇਆ—

ਮਨੁ ਤਨੁ ਰਾਤਾ ਰਾਮ ਪਿਆਰੇ ਹਰਿ ਪ੍ਰੇਮ ਭਗਤਿ ਬਣਿ ਆਈ ਸੰਤਹੁ ॥
ਸਤਿਗੁਰਿ ਖੇਪ ਨਿਬਾਹੀ ਸੰਤਹੁ ॥
ਹਰਿ ਨਾਮੁ ਲਾਹਾ ਦਾਸ ਕਉ ਦੀਆ, ਸਗਲੀ ਤ੍ਰਿਸਨ ਉਲਾਹੀ ਸੰਤਹੁ ॥੧॥ਰਹਾਉ॥
ਰਾਮਕਲੀ ਮ: ੫, ਪੰਨਾ ੯੧੬

ਅਤੇ ਫਿਰ ਹੋਰ ਹੋਰ ਸ਼ਬਦਾਂ ਦੀ ਗੂੰਜ ਕੰਨੀਂ ਪੈਂਦੀ ਗਈ—

ਕਿ ਜ਼ਾਹਰ ਜ਼ਹੂਰ ਹੈਂ ॥ ਕਿ ਹਾਜ਼ਰ ਹਜ਼ੂਰ ਹੈਂ ॥
ਹਮੇਸੁਲ ਸਲਾਮ ਹੈਂ ॥ ਸਮਸਤੁਲ ਕਲਾਮ ਹੈਂ ॥੧੫੦॥ (ਜਾਪੁ ਸਾਹਿਬ ਪਾ: ੧੦)
ਭਾਗਠੜੇ ਹਰਿ ਸੰਤ ਤੁਮਾਰੇ, ਜਿਨ੍ ਘਰਿ ਧਨੁ ਹਰਿ ਨਾਮਾ ॥
ਪਰਵਾਣੁ ਗਣੀ ਸੇਈ ਇਹ ਆਏ, ਸਫਲ ਤਿਨਾ ਕੇ ਕਾਮਾ ॥੧॥ ਸੂਹੀ ਮ: ੫, ਪੰਨਾ ੭੪੮

ਅਖੰਡ ਕੀਰਤਨ ਸਮਾਗਮ ਖ਼ੂਬ ਚੜ੍ਹਦੀ ਕਲਾ ਵਿਚ ਹੋਏ। ਸ਼ਬਦ ਕੀਰਤਨ ਸੁਣਦਿਆਂ ਨੂੰ ਰਾਤ ਦੇ ੧੨ ਵਜ ਗਏ। ਦਾਸ ਨੇ ਸਵੇਰੇ ਬੈਂਕ-ਡਿਊਟੀ ਤੇ ਜਾਣਾ ਸੀ। ਸੋ ਰਾਤ ਦੇ ੧੨ ਵਜੇ ਆਪਣੇ ਨਿਵਾਸ-ਅਸਥਾਨ ਚਲਿਆ ਗਿਆ। ਸਵੇਰ ਸਾਰ ਉਠਦਿਆਂ ਫਿਰ ਸਮਾਗਮ ਵਿਚ ਜਾ ਪੁਜਾ। ਗੁਰੂ ਕੇ ਕੀਰਤਨੀਏ ਹੋਰ ਤੋਂ ਹੋਰ ਚੜ੍ਹਦੀ ਕਲਾ ਵਿਚ ਕੀਰਤਨ ਵਿਚ ਨਿਮਗਨ ਸਨ। ਜਾਨ ਸੁਖਾਲਾ ਵਰਗੇ ਗੁਰੂ ਕੇ ਲਾਲ ਨਾਮ ਸਿਮਰਨ ਵਿਚ ਹੰਸ-ਸਰੋਵਰ ਵਾਂਗ ਤਾਰੀਆਂ ਲਾ ਰਹੇ ਸਨ ਅਤੇ ਉਹ ਕੀਰਤਨ ਤੇ ਨਾਮ ਅਭਿਆਸ ਨਾਲ ਜੁੜੇ ਹੋਏ ਸਨ।


www.AKJ.Org

ਵਿਣੁ ਸਚੇ ਦੂਜਾ ਸੇਵਦੇ ਹੁਇ ਮਰਸਨਿ ਬੁਟੁ ॥
ਨਾਨਕ ਕਉ ਗੁਰਿ ਬਖਸਿਆ ਨਾਮੈ ਸੰਗਿ ਜੁਟੁ ॥ (ਪੰਨਾ ੩੧੫)

੧੯੪੦ ਤੋਂ ਪਹਿਲਾਂ ਭਾ: ਦਰਸ਼ਨ ਸਿੰਘ ਜੀ ਇਤਨੇ ਮਾਸਾਹਾਰੀ ਸਨ ਕਿ ਦੂਜੇ ਤੀਜੇ ਦਿਨ ਝਟਕਾ ਕਰਕੇ ਮਾਸ ਖਾਂਦੇ ਸਨ। ਸਤਿਗੁਰੂ ਦੀ ਬਖਸ਼ਿਸ਼ ਅਤੇ ਨਾਮ ਅਭਿਆਸ ਦੀ ਕਮਾਈ ਸਦਕਾ ਤੇ ਗੁਰਬਾਣੀ ਦੀ ਅਗਾਧ ਬੋਧ ਕਲਾ ਕਾਰਨ ਸਭ ਕੁਝ ਛਡ ਛਡਾ ਦਿਤਾ ਅਤੇ ਕੇਵਲ ਗੁਰੂ ਦੀ ਸੰਗਤ ਵਿਚ ਹੀ ਜੁਟੇ ਰਹਿੰਦੇ। ਸੰਤਾਂ ਸਾਧਾਂ ਪਾਸੋਂ ਵੀ ਜਾ ਕੇ ਗੁਰਬਾਣੀ ਦੇ ਅਰਥ-ਬੋਧ ਪੜ੍ਹਨੇ ਅਤੇ ਉਨ੍ਹਾਂ ਪਾਸੋਂ ਸੁਣਨ ਵਿਚ ਵੀ ਆਪ ਜੀ ਖੁਸ਼ੀ ਪ੍ਰਾਪਤ ਕਰਦੇ ਸਨ। ਉਨ੍ਹਾਂ ਦਾ ਭਰੋਸਾ ਸੀ ਕਿ—

ਤੈਸੇ ਗੁਰਬਾਣੀ ਬਿਖੈ ਸਕਲ ਪਦਾਰਥ ਹੈਂ,
ਜੋਈ ਜੋਈ ਖੋਜੈ, ਸੋਈ ਸੋਈ ਨਿਪਜਾਵਈ ॥੫੪੬॥

ਗੁਰਬਾਣੀ ਦਾ ਕੀਰਤਨ ਨਿਰਮੋਲਕ ਹੀਰਾ ਹੈ, ਜੋ 'ਲੋਕ ਸੁਖੀਏ ਪਰਲੋਕ ਸੁਹੇਲੇ' ਹੋਣ ਦਾ ਇਕ ਉਚਾ ਤੇ ਸ੍ਰੇਸ਼ਟ ਸਾਧਨ ਹੈ। ਇਹ ਇਕ ਸ਼ਰੋਮਣੀ ਭਗਤੀ ਤੇ 'ਸਿਰ ਕਰਮਨ ਕੇ ਕਰਮਾ' ਹੈ। ਦਾਸ ਨੂੰ ਨੌਕਰੀ ਸਮੇ ਗੁਰਬਾਣੀ, ਕੀਰਤਨ, ਗੁਰ-ਇਤਿਹਾਸ ਸੰਥਾ ਦੁਆਰਾ ਪੜ੍ਹਨ ਦਾ ਸ਼ੌਕ ਭਾ: ਦਰਸ਼ਨ ਸਿੰਘ ਜੀ ਪਾਸੋਂ ਪ੍ਰਾਪਤ ਹੋਇਆ ਅਤੇ ਸ਼ੌਕ ਜਾਗਿਆ।

ਮਾਰਚ ੧੯੪੭ ਵਿਚ ਸਭ ਤੋਂ ਪਹਿਲਾਂ ਪਛਮੀ ਪੰਜਾਬ ਵਿਚ ਰਾਵਲਪਿੰਡੀ ਵਿਚ ਹਮਲਾ ਹੋਇਆ। ਇਸੇ ਕਾਰਨ ਸਾਰੇ ਪੰਜਾਬ ਵਿਚ ਜ਼ਹਿਰੀਲੀ ਹਵਾ ਵਾਂਗ ਵਾ-ਵਰੋਲੇ ਚਲ ਪਏ। ਦਿਨੋ ਦਿਨੀ ਹਾਲਾਤ ਖ਼ਰਾਬ ਹੁੰਦੇ ਗਏ। ਆਖ਼ੀਰ ਪੰਜਾਬ ਦਾ ਬਟਵਾਰਾ ਹੋ ਗਿਆ।

ਅਕਤੂਬਰ ੧੯੪੭ ਨੂੰ ਦਾਸ ਭਾ: ਦਰਸ਼ਨ ਸਿੰਘ ਜੀ ਦੇ ਨਾਲ ਗੁਰੂ ਦੀ ਨਗਰੀ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਦਰਸ਼ਨ ਯਾਤਰਾ ਕਰਦੇ ਹੋਏ ਲੁਧਿਆਣੇ ਆ ਗਏ। ਭਾਈ ਦਰਸ਼ਨ ਸਿੰਘ ਜੀ ਨੇ ਪਰਵਾਰ ਸਮੇਤ ਲੁਧਿਆਣੇ ਹੀ ਰਿਹਾਇਸ਼ ਰਖ ਲਈ। ਬੱਚਿਆਂ ਦੀ ਪਾਲਣਾ ਤੇ ਪੜ੍ਹਾਈ ਦੇ ਪਰਬੰਧ ਲਈ ਗੁਰੂ ਦੀ ਬਖ਼ਸ਼ੀ ਕੀਰਤੀ ਤੇ ਕਿਰਤ ਵਿਚ ਸਮਾ ਲੁਧਿਆਣੇ ਹੀ ਬਤੀਤ ਕਰਦੇ ਰਹੇ।

ਪਿੰਡ ਨਾਰੰਗਵਾਲ ਲੁਧਿਆਣਾ ਤੋਂ ੧੬-੧੭ ਮੀਲ ਦੀ ਵਿਥ ਤੇ ਹੈ। ਭਾਈ ਸਾਹਿਬ ਜੀ ਦਾ ਜੱਦੀ ਨਗਰ ਹੈ। ਹਰ ਸਾਲ ਪੋਹ ਸੁਦੀ ਸਪਤਮੀ ਗੁਰਪੁਰਬ ਸਮਾਗਮ ਦਾ ਜੋੜ ਮੇਲਾ ਨਾਰੰਗਵਾਲ ਹੁੰਦਾ ਸੀ। ਨੇੜਿਓਂ ਦੂਰੋਂ ਸਿੰਘ ਇਕੱਤਰ ਹੋ ਕੇ ਅਖੰਡਪਾਠ ਤੇ ਅਖੰਡ ਕੀਰਤਨ ਸਮਾਗਮ ਮਿਲ ਕੇ ਕਰਦੇ ਅਤੇ ਗੁਰੂ ਕਾ ਲੰਗਰ ਸਜਾਂਦੇ। ਕੁਝ ਸਾਲ ਮਗਰੋਂ ਲੁਧਿਆਣੇ ਸ਼ਹਿਰ ਵਿਚ ਨਵੀਂ ਆਬਾਦੀ ਮਾਡਲ ਟਾਊਨ ਕਾਲੋਨੀ ਦੀ ਉਸਾਰੀ ਪੰਜਾਬ ਗੌਰਮਿੰਟ ਵਲੋਂ ਹੋਈ। ਲੁਧਿਆਣੇ ਦੇ ਸਿੰਘਾਂ ਨੇ ਮਿਲਕੇ ਗੁਰਦਵਾਰਾ ਸਾਹਿਬ ਲਈ ਪਲਾਟ ਚੰਗੇ ਵਡੇ ਆਕਾਰ ਵਿਚ ਖ਼ਰੀਦ ਕੀਤਾ, ਜਿਸ ਦੇ ਨੀਂਹ ਪੱਥਰ ਦਾ ਟੱਕ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਪਾਸੋਂ ਲਗਵਾਇਆ ਗਿਆ। ਗੁਰਦਵਾਰਾ ਸਾਹਿਬ ਦੀ ਉਸਾਰੀ ਦਾ ਕੰਮ ਚਾਲੂ ਹੋ ਗਿਆ।

ਆਪ ਜੀ ਰੋਜ਼ਾਨ੍ਹਾ ਕੀਰਤਨ ਦੀ ਹਾਜ਼ਰੀ ਡਾ: ਦਰਸ਼ਨ ਸਿੰਘ ਜੀ ਖੇਤੀ ਯੂਨੀਵਰਸਿਟੀ ਵਾਲਿਆਂ ਨਾਲ ਮਿਲ ਕੇ ਨਿਤਾਪ੍ਰਤੀ ਭਰਦੇ ਰਹੇ। ਘੰਟਿਆਂ ਬਧੀ ਕੀਰਤਨ ਦੇ ਅਖਾੜੇ ਚਲਦੇ ਰਹਿੰਦੇ।

ਭਾਈ ਦਰਸ਼ਨ ਸਿੰਘ ਜੀ ਦੀ ਪ੍ਰੇਰਨਾ ਸਦਕਾ ੧੯੪੮ ਸੰਨ ਵਿਚ ਦਿੱਲੀ ਸਮਾਗਮ ਸਮੇਂ ਦਾਸ ਨੂੰ ਸਿੰਘਣੀ ਸਮੇਤ ਅੰਮ੍ਰਿਤ ਦੀ ਦਾਤਿ ਪ੍ਰਾਪਤ ਹੋਈ।

ਭਾਈ ਦਰਸ਼ਨ ਸਿੰਘ ਜੀ ਹੋਰਾਂ ਨੇ ਬਾਬੂ ਗੁਰਬਚਨ ਸਿੰਘ ਜੀ ਨਾਲ ਢਲਾਈ ਦਾ ਕਾਰਖ਼ਾਨਾ ਲੁਧਿਆਣੇ ਵਿਚ ਚਾਲੂ ਕਰ ਦਿਤਾ। ਤਿੰਨ ਚਾਰ ਸਾਲ ਕੰਮ ਕਾਰ ਕਰਦੇ ਰਹੇ। ਆਪਣੇ ਬੱਚਿਆਂ—ਮਿੰਦਰ ਜੀ (ਬੀਬੀ ਮਹਿੰਦਰ ਕੌਰ) ਪੁਤਰੀ, ਮੋਹਨ ਜੀ (ਮਨਮੋਹਨ ਸਿੰਘ) ਤੇ ਅਮਰ ਜੀ (ਅਮਰਜੀਤ ਸਿੰਘ) ਦੀ ਪੜ੍ਹਾਈ ਆਦਿ ਦਾ


www.AKJ.Org

ਪ੍ਰਬੰਧ ਵੀ ਠੀਕ ਤਰ੍ਹਾਂ ਚਲਾਂਦੇ ਰਹੇ ਅਤੇ ਹਰ ਤਰ੍ਹਾਂ ਦੀ ਨਿਗਰਾਨੀ ਹੇਠ ਕੰਮ ਵੀ ਹੁੰਦਾ ਰਿਹਾ। ਢਲਾਈ ਦੇ ਕੰਮ ਵਿਚ ਵਾਧਾ ਨਾ ਹੋਇਆ, ਸਗੋਂ ਨੁਕਸਾਨ ਵਿਚ ਰਹੇ।

੧੯੫੬ ਵਿਚ ਸ: ਗੁਰਬਖਸ਼ ਸਿੰਘ ਜੀ ਪਾਸ ਸਰਵਿਸ ਕਰ ਲਈ। ਹੈਲਥ ਸੈਂਟਰ ਵਲੋਂ ਘੜੂੰਆ ਨੇੜੇ ਮੁਰਿੰਡਾ ਵਿਖੇ ਉਸਾਰੀ ਦਾ ਕੰਮ ਸ਼ੁਰੂ ਕਰ ਲਿਆ। ਹੈਲਥ ਸੈਂਟਰ ਦਾ ਕੰਮ ਕਾਫ਼ੀ ਸਮਾ ਰਿਹਾ। ਸਮਾਗਮਾਂ ਵਿਚ ਹਾਜ਼ਰੀ ਭਰਦੇ ਰਹੇ। ਅੰਮ੍ਰਿਤ ਵੇਲੇ ਦੀ ਸੰਭਾਲ ਅਤੇ ਨਾਮ ਅਭਿਆਸ ਸਿਮਰਨ ਵੀ ਚਲਦੇ ਰਹੇ।

ਕੁਦਰਤੀ ਹੈਲਥ ਸੈਂਟਰ ਦੀ ਉਸਾਰੀ ਸਮੇਂ ਭਾਈ ਮਹਿੰਦਰ ਸਿੰਘ ਜੀ ਨਾਲ ਮੇਲ ਮਿਲਾਪ ਹੋਇਆ। ਉਸ ਸਮੇਂ ਭਾਈ ਮਹਿੰਦਰ ਸਿੰਘ ਜੀ ਓਵਰਸੀਅਰ ਲਗੇ ਹੋਏ ਸਨ। ਆਪ ਹੈਲਥ ਸੈਂਟਰ ਦੀ ਦੇਖ-ਭਾਲ ਲਈ ਆਉਂਦੇ ਸਨ। ਭਾਈ ਦਰਸ਼ਨ ਸਿੰਘ ਜੀ ਦਾ ਜੀਵਨ, ਗੁਰਸਿਖ ਰਹਿਣੀ ਬਹਿਣੀ ਦੇਖ ਕੇ ਭਾਈ ਮਹਿੰਦਰ ਸਿੰਘ ਜੀ ਕਾਫ਼ੀ ਪ੍ਰਭਾਵਤ ਹੋਏ। ਆਪਸੀ ਵਿਚਾਰ-ਵਟਾਂਦਰਾ ਕੀਤਾ ਤਾਂ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਦਰਸ਼ਨਾਂ ਦੀਆਂ ਤਾਂਘਾਂ ਉਮੰਗਾਂ ਉਠੀਆਂ। ਭਾਈ ਦਰਸ਼ਨ ਸਿੰਘ ਜੀ ਦੇ ਨਾਲ ਕਾਲਕਾ ਸਮਾਗਮ ਵਿਚ ਹਾਜ਼ਰੀ ਭਰਨ ਦੀਆਂ ਤਿਆਰੀਆਂ ਕਰ ਲਈਆਂ। ਦੂਜੇ ਦਿਨ ਭਾ: ਮਹਿੰਦਰ ਸਿੰਘ ਜੀ ਨੇ ਭਾਈ ਦਰਸ਼ਨ ਸਿੰਘ ਜੀ ਨਾਲ ਕਾਲਕਾ ਸਮਾਗਮ ਪੁਜ ਕੇ, ਸਮਾਗਮ ਦੀ ਹਾਜ਼ਰੀ ਭਰੀ ਅਤੇ ਅਖੰਡ ਕੀਰਤਨ ਦੇ ਲਾਹੇ ਪ੍ਰਾਪਤ ਕੀਤੇ। ਭਾਈ ਸਾਹਿਬ ਜੀ ਦੇ ਦਰਸ਼ਨ ਕੀਤੇ। ਆਪ ਦੀ ਸ਼ਖਸ਼ੀਅਤ ਅਤੇ ਤੇਜੱਸਵੀ ਰੰਗ ਵੇਖ ਕੇ ਮੋਹੇ ਹੀ ਗਏ। ਦੂਜੇ ਸਮਾਗਮ ਵਿਚ ਪੁਜ ਕੇ ਭਾ: ਮਹਿੰਦਰ ਸਿੰਘ ਜੀ ਅਤੇ ਉਨ੍ਹਾਂ ਦੀ ਸਿੰਘਣੀ (ਜੋੜੇ ਨੇ) ਅੰਮ੍ਰਿਤ ਦੀ ਦਾਤਿ ਪੰਜਾਂ ਪਾਸੋਂ ਪ੍ਰਾਪਤ ਕੀਤੀ।

ਭਾਈ ਸਾਹਿਬ ਭਾ: ਰਣਧੀਰ ਸਿੰਘ ਜੀ ਬੱਚੇ-ਬੱਚੀਆਂ ਪਾਸੋਂ ਗੁਰਬਾਣੀ ਦਾ ਕੀਰਤਨ ਸ੍ਰਵਣ ਕਰਦੇ ਥਕਦੇ ਨਹੀਂ ਸਨ। ਗੱਦ ਗੱਦ ਹੋ ਕੇ ਖ਼ੁਸ਼ ਹੁੰਦੇ ਸਨ। ਕੇਂਦਰੀ ਸਮਾਗਮਾਂ ਵਿਚ ਭਾਈ ਦਰਸ਼ਨ ਸਿੰਘ ਜੀ ਦੀ ਸਪੁਤਰੀ ਬੀਬੀ ਮਹਿੰਦਰ ਕੌਰ ਅਖੰਡ ਕੀਰਤਨੀ ਅਖਾੜਿਆਂ ਵਿਚ ਹਾਜ਼ਰੀ ਭਰਿਆ ਕਰੇ ਅਤੇ ਘੰਟਿਆਂ ਬਧੀ ਕੀਰਤਨ-ਧੁਨੀਆਂ ਅਲਾਪਦੇ ਰਹਿਣਾ। ਭਾਈ ਦਰਸ਼ਨ ਸਿੰਘ ਜੀ ਸੈਂਟਰਲ ਸਮਾਗਮਾਂ ਵਿਚ ਪੁਜ ਕੇ ਕੀਰਤਨ ਦੀ ਸੇਵਾ ਨਿਭਾਂਦੇ ਸਨ ਅਤੇ ਲੰਗਰ ਦੀ ਸੇਵਾ ਇਨ੍ਹਾਂ ਦੀ ਸਿੰਘਣੀ ਬੀਬੀ ਭਜਨ ਕੌਰ ਜੀ ਨਿਭਾਉਂਦੇ ਰਹੇ।

੧੯੫੭ ਵਿਚ ਮਨਮੋਹਨ ਸਿੰਘ ਦੀ ਪੜ੍ਹਾਈ ਵਲ ਪੂਰਾ ਪੂਰਾ ਧਿਆਨ ਰਖ ਰਹੇ ਸਨ। ਮਾਇਆ ਦੀ ਕਮਜ਼ੋਰੀ ਕਾਰਨ ਉਸ ਦੀ ਪੜ੍ਹਾਈ ਕਰਵਾਉਣ ਵਿਚ ਔਖਿਆਈ ਆ ਰਹੀ ਸੀ। ਸਤਿਗੁਰੂ ਦੀ ਬਖ਼ਸ਼ਸ਼ ਸਦਕਾ ਮਨਮੋਹਨ ਸਿੰਘ ਜੀ ਨੂੰ ਗੁਰੂ ਨਾਨਕ ਇੰਨਜੀਅਰਿੰਗ ਕਾਲਜ ਲੁਧਿਆਣਾ ਵਿਖੇ ਦਾਖਲਾ ਮਿਲ ਗਿਆ। ਭਾਈ ਦਰਸ਼ਨ ਸਿੰਘ ਜੀ ਨੇ ਆਪ ਫ਼ੈਕਟਰੀ ਦੀ ਉਸਾਰੀ ਲਈ ਸ: ਕੇਸਰ ਸਿੰਘ ਜੀ ਫੁਲਰਵਾਨ ਵਾਲਿਆਂ ਪਾਸ ਜਲੰਧਰ ਨੌਕਰੀ ਕਰ ਲਈ, ਤਾਂਕਿ ਲੋੜ ਅਨੁਸਾਰ ਬੱਚਿਆਂ ਦੇ ਖ਼ਰਚੇ ਦਾ ਨਿਰਬਾਹ ਚਲਦਾ ਰਹੇ। ਸਰਵਿਸ ਕਰਨ ਦੇ ਨਾਲ ਨਾਲ ਜਲੰਧਰ, ਅੰਮ੍ਰਿਤਸਰ, ਲੁਧਿਆਣਾ,ਪਟਿਆਲਾ ਆਦਿ ਸਮਾਗਮਾਂ ਵਿਚ ਹਾਜ਼ਰੀ ਭਰਦੇ ਰਹੇ। ਜਲੰਧਰ ਵਿਚ ਮਾ: ਸੁੰਦਰ ਸਿੰਘ ਜੀ, ਕਰਨਲ ਦਲਜੀਤ ਸਿੰਘ ਜੀ, ਭਾਈ ਜਸਵੰਤ ਸਿੰਘ ਜੀ ਲੋਹੇ ਵਾਲੇ ਆਦਿ ਸਿੰਘਾਂ ਦੇ ਮਿਲਵਰਤਣ ਨਾਲ ਹਫ਼ਤਾਵਾਰੀ ਪਰੋਗਰਾਮ ਅਖੰਡ ਕੀਰਤਨ ਹੁੰਦੇ ਰਹੇ। ਲੁਧਿਆਣੇ ਸੈਂਟਰਲ ਸਮਾਗਮ ਵਿਚ ਸ੍ਰੀ ਮਾਨ ਬਾਊ ਮੱਲ ਸਿੰਘ ਜੀ, ਭਾਈ ਆਤਮਾ ਸਿੰਘ ਜੀ ਪੰਜੋਖਰਾ, ਭਾਈ ਚਰਨ ਸਿੰਘ ਜੀ ਖਰੜ ਬਡਾਲਾ, ਭਾਈ ਬਾਵਾ ਸਿੰਘ ਜੀ ਕੁਮਾਰ ਹਟੀ ਵਾਲੇ ਅਤੇ ਪੂਰਨ ਜੀ ਆਦਿ ਗੁਰੂ-ਵਰੋਸਾਏ ਗੁਰੂ ਕੇ ਲਾਲ ਅੰਮ੍ਰਿਤ-ਸਿੰਚਾਰ ਸਮਾਗਮਾਂ ਵਿਚ ਪੰਜਾਂ ਦੀ ਸੇਵਾ ਨਿਭਾਉਂਦੇ ਰਹੇ।

ਪੰਜਾਬ ਦੇ ਵਡੇ ਵਡੇ ਸ਼ਹਿਰਾਂ ਵਿਚ ਸਮਾਗਮਾਂ ਵਿਚ ਪੁਜਦੇ ਅਤੇ ਅਖੰਡ ਕੀਰਤਨ ਦੇ ਲਾਹੇ ਪ੍ਰਾਪਤ ਕਰਦੇ ਨਾਮ ਸਿਮਰਨ ਦੇ ਰੰਗਾਂ ਵਿਚ ਕਈ ਵਾਰ ਗਰਜਵੀਂ ਆਵਾਜ਼ ਵਿਚ 'ਗੁਰ-ਵਾਹ' ਦਾ ਗੁਰਾਟਾ ਛਡਦੇ ਸਨ ਤਾਂ ਸੰਗਤ ਵਿਚ ਇਕ ਤਰ੍ਹਾਂ ਦਾ ਸੱਨਾਟਾ ਛਾ ਜਾਂਦਾ। ਬਿਸਮਾਦੀ ਰੰਗ ਵਿਚ ਘੰਟਿਆਂ ਬਧੀ ਰੈਣ ਸਬਾਈਆਂ ਵਿਚ



www.AKJ.Org

ਕੀਰਤਨ ਕਰਦਿਆਂ ਥਕਦੇ ਨਹੀਂ ਸਨ। ਭਾਈ ਸਾਹਿਬ ਭਾ: ਰਣਧੀਰ ਸਿੰਘ ਜੀ ਪਿਆਰ ਵਜੋਂ ਆਪ ਜੀ ਨੂੰ 'ਗੜਗੱਜ ਜੀ' ਦੇ ਨਾਮ ਨਾਲ ਬੁਲਾਇਆ ਕਰਦੇ ਸਨ।

ਆਪ ਜੀ ਦਾ ਗੁਰੂ ਕੇ ਕੀਰਤਨੀਏ—ਭਾਈ ਜੀਵਨ ਸਿੰਘ ਜੀ, ਭਾਈ ਮਹਿੰਦਰ ਸਿੰਘ ਜੀ ਐਸ. ਡੀ. ਓ., ਭਾਈ ਜੋਗਿੰਦਰ ਸਿੰਘ ਜੀ ਤਲਵਾੜਾ, ਬੀਬੀ ਕ੍ਰਿਪਾਲ ਕੌਰ ਜੀ, ਬੀਬੀ ਹਰਸ਼ਰਨ ਕੌਰ ਜੀ ਸਮੂਹ ਕੀਰਤਨੀਆਂ ਨਾਲ ਕਾਫ਼ੀ ਸੁਮੇਲ ਸੀ। ਇਨ੍ਹਾਂ ਪਾਸੋਂ ਅਖੰਡ ਕੀਰਤਨ ਸਮਾਗਮਾਂ ਵਿਚ ਕੀਰਤਨ ਸ੍ਰਵਨ ਕਰਦੇ ਹੋਏ ਨਿਹਾਲੋ ਨਿਹਾਲ ਹੁੰਦੇ ਸਨ।

ਸਪੁਤਰ ਮਨਮੋਹਨ ਸਿੰਘ ਜੀ ਨੂੰ ਮਿਲਟਰੀ ਐਮ. ਈ. ਐਸ. ਵਿਚ ਅਛੀ ਸਰਵਿਸ ਮਿਲ ਜਾਣ ਕਾਰਨ ਆਪ ਜੀ ਨੇ ਸਰਦਾਰ ਕੇਸਰ ਸਿੰਘ ਜੀ ਦੀ ਸਰਵਿਸ ਛਡ ਦਿਤੀ। ਆਪ ਜੀ ਦਾ ਛੋਟਾ ਲੜਕਾ ਅਮਰਜੀਤ ਸਿੰਘ ਪੁਰਾਣੇ ਸੰਗ ਸਾਥ ਕਾਰਨ ਸ: ਕੇਸਰ ਸਿੰਘ ਜੀ ਪਾਸ ਤੀਜੀ ਪੁਸ਼ਤ ਇਸੇ ਫ਼ੈਕਟਰੀ ਵਿਚ ਮੈਨੇਜਰ ਦੀ ਨੌਕਰੀ ਤੇ ਲਗੇ ਰਹੇ। ਭਾਈ ਦਰਸ਼ਨ ਸਿੰਘ ਜੀ ਨੇ ਸਰਵਿਸ ਤੋਂ ਵੇਹਲੇ ਹੋ ਕੇ ਆਪਣੇ ਛੋਟੇ ਲੜਕੇ ਪਾਸ ਹੀ ਰਿਹਾਇਸ਼ ਰਖ ਲਈ। ਸ: ਕੇਸਰ ਸਿੰਘ ਜੀ ਅਤੇ ਸਰਦਾਰਨੀ ਬੀਬੀ ਰਵੇਲ ਕੌਰ ਜੀ ਵੀ ਇਹ ਚਾਹੁੰਦੇ ਸਨ ਕਿ ਭਾਈ ਦਰਸ਼ਨ ਸਿੰਘ ਜੀ ਸਾਡੇ ਪਾਸ ਫੈਕਟਰੀ ਵਿਚ ਹੀ ਟਿਕੇ ਰਹਿਣ ਅਤੇ ਪਹਿਲਾਂ ਵਾਂਗ ਫੈਕਟਰੀ ਦੀ ਬਿਲਡਿੰਗ ਵਿਚ ਹੀ ਅੰਮ੍ਰਿਤ ਵੇਲੇ ਦੀ ਸੰਭਾਲ ਅਤੇ ਨਾਮ ਸਿਮਰਨ ਦਾ ਪਰਵਾਹ ਚਲਦਾ ਰਹੇ। ਸ: ਅਮਰਜੀਤ ਸਿੰਘ ਪਾਸ ਜੋ ਰਿਹਾਇਸ਼ੀ ਕੁਆਟਰ ਸੀ ਉਸ ਵਿਚ ਥਾਂ ਦੀ ਥੁੜ ਸੀ, ਜਿਸ ਕਾਰਨ ਸ: ਅਜੀਤ ਸਿੰਘ ਜੀ ਫੈਕਟਰੀ-ਓਨਰ ਨੇ ਭਾਈ ਦਰਸ਼ਨ ਸਿੰਘ ਜੀ ਨੂੰ ਉਸੇ ਕਵਾਟਰ ਦੇ ਉਪਰ ਦੋ ਕਮਰੇ ਬਹੁਤ ਸੋਹਣੇ ਜਲਦੀ ਤੋਂ ਜਲਦੀ ਬਣਵਾ ਦਿਤੇ। ਕਈ ਵੇਰੀ ਭਾਈ ਦਰਸ਼ਨ ਸਿੰਘ ਜੀ ਆਪਣੇ ਵਡੇ ਲੜਕੇ ਪਾਸ ਊਧਮਪੁਰ ਜਾ ਠਹਿਰਦੇ ਸਨ। ਪਰ ਥੋੜੇ ਸਮੇਂ ਬਾਅਦ ਹੀ ਜਲੰਧਰ ਫੈਕਟਰੀ ਦੇ ਨਿਵਾਸ ਅਸਥਾਨ ਤੇ ਆ ਜਾਂਦੇ ਸਨ।

ਆਪਣੇ ਵਡੇ ਭੈਣ ਜੀ ਵੀਰਾ ਬਾਈ ਨਾਲ ਆਪ ਦਾ ਬਹੁਤ ਪਿਆਰ ਸਨੇਹ ਸੀ ਅਤੇ ਜਿਵੇਂ ਕਿਤੇ ਸਮਾਂ ਮਿਲਦਾ, ਮਿਲਣ ਲਈ ਕੁਰਾਲੀ ਪੰਜ ਦਸ ਦਿਨਾਂ ਲਈ ਆ ਜਾਂਦੇ। ਜਿਤਨਾ ਸਮਾਂ ਕੁਰਾਲੀ ਠਹਿਰਨਾ, ਉਸ ਸਮੇਂ ਦਿਨੇ ਰਾਤੀ ਅੰਮ੍ਰਿਤ ਵੇਲੇ ਦੀ ਸੰਭਾਲ, ਸੁਆਸ ਸੁਆਸ ਸਿਮਰਨ ਕਰਨਾ, ਨਿਤਨੇਮ ਦੇ ਪਾਠ ਉਪਰੰਤ ਗੁਰਦਵਾਰੇ ਸਾਹਿਬ ਕੀਰਤਨ ਕਰਨਾ ਅਤੇ ਸ੍ਰਵਨ ਕਰਨਾ ਨਿਤਾਪ੍ਰਤੀ ਦਾ ਨੀਯਮ ਹੁੰਦਾ। ਦਾਸ ਨੂੰ ਮਾਇਆ ਤੋਂ ਨਿਰਲੇਪ ਰਹਿਣ ਲਈ ਸਿਮਰਨ, ਗੁਰਬਾਣੀ ਦੇ ਪਾਠ ਅਤੇ ਸੱਚ ਦੀ ਕਮਾਈ ਦਾ ਆਦੇਸ਼ ਦੇਣਾ। ਸ਼ੁਧ ਪਾਠ ਕਰਨ ਦੀ ਸੰਥਿਆ ਦੇਣੀ। ਆਪ ਜੀ ਤਾਂ ਸਦਾ ਹੀ ਸੁਆਸ ਸੁਆਸ ਸਿਮਰਨ ਵਿਚ ਜੁਟੇ ਰਹਿੰਦੇ ਸਨ।

ਕਿਆ ਸਵਣਾ ਕਿਆ ਜਾਗਣਾ, ਗੁਰਮੁਖਿ ਤੇ ਪਰਵਾਣੁ ॥
ਜਿਨਾ ਸਾਸਿ ਗਿਰਾਸ ਨ ਵਿਸਰੈ, ਸੇ ਪੂਰੇ ਪੁਰਖ ਪਰਧਾਨ ॥੨੨॥ ਪੰਨਾ ੩੧੩
ਰਤੇ ਇਸਕ ਖੁਦਾਇ ਰੰਗਿ ਦੀਦਾਰ ਕੇ ॥ ਵਿਸਰਿਆ ਜਿਨ ਨਾਮੁ ਤੇ ਭੁਇ ਭਾਰੁ ਥੀਏ ॥
(ਆਸਾ ਸੇਖ ਫਰੀਦ ਜੀ, ਪੰਨਾ ੪੮੮)

ਕੋਟਿ ਬਿਘਨ ਤਿਸੁ ਲਾਗਤੇ ਜਿਸ ਨੋ ਵਿਸਰੈ ਨਾਉ ॥
ਨਾਨਕ ਅਨਦਿਨੁ ਬਿਲਪਤੇ,ਜਿਉ ਸੁੰਞੈ ਘਰਿ ਕਾਉ॥੧॥੧੫॥(ਸਲੋਕ ਮ: ੫,ਗੂਜਰੀ ਕੀ ਵਾਰ,ਪੰਨਾ ੫੨੨

ਹਮੇਸ਼ਾ ਨਾਮ ਸਿਮਰਨ ਸੁਆਸ ਸੁਆਸ ਨਾਮ ਜਪਣ ਦਾ ਆਦੇਸ਼ ਦੇਂਦੇ ਸਨ। ਕਿਸੇ ਦੇ ਦਰਦ-ਦੁਖ ਨੂੰ ਸਹਾਰ ਨਹੀਂ ਸੀ ਸਕਦੇ। ਦੁਖੀ ਜੀਵ ਲਈ ਅਕਾਲ ਪੁਰਖ ਅੱਗੇ ਅਰਦਾਸ ਜੋਦੜੀ ਕਰਦੇ ਸਨ ਅਤੇ ਸਹਾਇਕ ਬਣਦੇ ਸਨ। ੧੯੭੨ ਸੰਨ ਵਿਚ ਦਾਸ ਵਲੋਂ ਰੈਣ ਸਬਾਈ ਅਖੰਡ ਕੀਰਤਨ ਕੁਰਾਲੀ ਵਿਖੇ ਰਖੇ ਗਏ, ਜਿਸ ਵਿਚ ਨੰਗਲ, ਚੰਡੀਗੜ੍ਹ, ਪਟਿਆਲਾ, ਲੁਧਿਆਣਾ ਆਦਿ ਤੋਂ ਗੁਰੂ ਕੇ ਕੀਰਤਨੀਏ ਹਰਿ-ਜਸ ਦੇ ਲਾਹੇ ਖਟਣ ਲਈ ਪੁਜੇ ਹੋਏ ਸਨ। ਭਾਈ ਚਰਨ ਸਿੰਘ ਜੀ ਬਡਾਲਾ, ਭਾਈ ਆਤਮਾ ਸਿੰਘ ਜੀ ਪੰਜੋਖਰਾ ਸਾਹਿਬ, ਅਤੇ ਭਾਈ ਹਰਚਰਨ ਸਿੰਘ ਜੀ ਚੰਡੀਗੜ੍ਹ ਤੋਂ ਪੁਜੇ ਹੋਏ ਸਨ। ਇਸ ਸਮਾਗਮ ਵਿਚ ਭਾਈ ਦਰਸ਼ਨ ਸਿੰਘ ਜੀ ਗੜਗਜ ਵੀ


www.AKJ.Org

ਹਾਜ਼ਰੀਆਂ ਭਰ ਰਹੇ ਸਨ। ਇਸ ਕੀਰਤਨ-ਅਖਾੜੇ ਵਿਚ ਭਾਈ ਸਤਿਨਾਮ ਸਿੰਘ ਜੀ ਅਤੇ ਭਾਈ ਨੌਹਰੀਆ ਸਿੰਘ ਸਿੰਘ ਜੀ ਕਾਲਕਾ ਵਾਲੇ ਪੁਜੇ ਹੋਏ ਸਨ।

ਹਉ ਗੋਸਾਈ ਦਾ ਪਹਿਲਵਾਨੜਾ ॥ ਮੈ ਗੁਰ ਮਿਲਿ ਉਚ ਦੁਮਾਲੜਾ ॥
ਸਭ ਹੋਈ ਛਿੰਝ ਇਕਠੀਆ ਦਯੁ ਬੈਠਾ ਵੇਖੈ ਆਪਿ ਜੀਉ ॥੧੭॥ ਪੰਨਾ ੭੪

ਪੁਰਾਤਨ ਸਿੰਘਾਂ ਨੇ ਮਿਲ ਕੇ ਕੀਰਤਨ ਦੀਆਂ ਗੂੰਜਾਰਾਂ, ਅਤੇ ਨਾਮ ਅਭਿਆਸ ਦੇ ਖੂਬ ਖੰਡੇ ਖੜਕਾਏ। ਇਹ ਅਲੋਕਿਕ ਦ੍ਰਿਸ਼ ਕੁਰਾਲੀ ਦੀਆਂ ਸੰਗਤਾਂ ਦੇਖ ਦੇਖ ਹੈਰਾਨ ਹੋਈਆਂ।

ਕਈ ਸਾਲ ਲਗਾਤਾਰ ਹੋਲੇ ਮਹੱਲੇ ਸ੍ਰੀ ਅਨੰਦਪੁਰ ਸਾਹਿਬ ਸਮਾਗਮਾਂ ਵਿਚ ਭਾਈ ਦਰਸ਼ਨ ਸਿੰਘ ਗੜਗਜ ਜਲੰਧਰ ਦੀਆਂ ਸੰਗਤਾਂ ਸਮੇਤ ਕਰਨਲ ਦਲਜੀਤ ਸਿੰਘ ਜੀ, ਭਾਈ ਗੁਰਮੁਖ ਸਿੰਘ ਜੀ ਅਤੇ ਬੀਬੀ ਹਰਸ਼ਰਨ ਕੌਰ ਜੀ ਦੇ ਨਾਲ ਮਿਲ ਕੇ ਹਾਜ਼ਰੀਆਂ ਭਰਦੇ ਰਹੇ।

ਅਪਰੈਲ ੧੯੭੮ ਵਿਚ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀ ਸੌ ਸਾਲਾ ਜਨਮ-ਸ਼ਤਾਬਦੀ ਦੇ ਸੰਬੰਧ ਵਿਚ ਅਖੰਡ ਕੀਰਤਨ ਰੈਣ ਸਬਾਈ ਦੇ ਸਮਾਗਮ ਜ਼ਿਲਾ ਰੋਪੜ ਵਲੋਂ ਕੁਰਾਲੀ ਵਿਖੇ ਨੀਯਤ ਕੀਤੇ ਗਏ। ਇਸ ਸਮਾਗਮ ਨੂੰ ਨੇਪਰੇ ਚੜ੍ਹਾਣ ਲਈ ਭਾਈ ਦਰਸ਼ਨ ਸਿੰਘ ਜੀ ਕੁਰਾਲੀ ਵਿਖੇ ਦਾਸ ਦੀ ਸਹਾਇਤਾ ਲਈ ਪੁਜੇ ਹੋਏ ਸਨ। ਪਰ ਅਕਾਲ ਪੁਰਖ ਦੀ ਅਜ਼ਲੀ ਰਜ਼ਾ ਕਾਰਨ ੧੩ ਸਿੰਘ ਸ੍ਰੀ ਅੰਮ੍ਰਿਤਸਰ ਵਿਖੇ ਗੁਰੂ ਦੀ ਨਿੰਦਾ ਨਾ ਸਹਾਰਦੇ ਹੋਏ ਗੁਰਬਚਨ ਸਿੰਘ ਨਿਰੰਕਾਰੀ ਦੇ ਟੋਲੇ ਵਲੋਂ ਸ਼ਹੀਦੀ ਪ੍ਰਾਪਤ ਕਰ ਗਏ। ਇਸ ਦੁਖੀ ਕਾਂਡ ਦੇ ਵਾਪਰਨ ਕਾਰਨ ਭਾਈ ਦਰਸ਼ਨ ਸਿੰਘ ਜੀ ਦੀ ਦਸ਼ਾ ਡਾਢੀ ਵੈਰਾਗਵਾਨ ਹੋ ਗਈ। ਦਾਸ ਦੀਆਂ ਵੀ ਇਸ ਦੁਖਾਂਤ ਨੂੰ ਨਾ ਸਹਾਰਦਿਆਂ ਹੋਇਆਂ ਅੱਖਾਂ ਭਰ ਗਈਆਂ ਅਤੇ ਹੰਝੂ ਵਹਿ ਨਿਕਲੇ। ਸੋ ਇਹ ਸਮਾਗਮ ਸ਼ਹੀਦੀ ਸਮਾਗਮ ਦੇ ਤੌਰ ਤੇ ਮਨਾਇਆ ਗਿਆ। ਅਪਰੈਲ ਵਾਲਾ ਸਮਾਗਮ ਭਾਈ ਸਾਹਿਬ ਦੀ ਯਾਦ ਵਿਚ ਸਤੰਬਰ ੧੯੭੮ ਨੂੰ ਜ਼ਿਲਾ ਪੱਧਰ ਤੇ ਕੁਰਾਲੀ ਵਿਖੇ ਹੋਇਆ ਜਿਸ ਵਿਚ ਭਾਈ ਸਾਹਿਬ ਬਲਬੀਰ ਸਿੰਘ ਜੀ, ਭਾਈ ਹਰਨਾਮ ਸਿੰਘ ਜੀ ਕੋਮਲ, ਡਾ: ਦਰਸ਼ਨ ਸਿੰਘ ਜੀ ਆਦਿ ਲੁਧਿਆਣਾ ਤੋਂ ਬਹੁਤ ਸਿੰਘ ਪੁਜੇ। ਪਟਿਆਲਾ, ਨੰਗਲ, ਚੰਡੀਗੜ੍ਹ ਖਰੜ, ਮੁਹਾਲੀ ਆਦਿ ਤੋਂ ਭਾਈ ਸਾਹਿਬ ਮਹਿੰਦਰ ਸਿੰਘ ਜੀ ਐਸ. ਡੀ. ਓ., ਭਾਈ ਜਸਬੀਰ ਸਿੰਘ ਆਦਿ ਪੁਜੇ ਅਤੇ ਹਰਿ-ਜਸ ਦੀਆਂ ਘੁੰਮਰਾਂ ਪਾਈਆਂ। ਬੜੇ ਅਲੋਕਿਕ ਰੰਗ ਬਝੇ। ਇਸ ਸਮਾਗਮ ਵਿਚ ਸੰਗਤਾਂ ਨੇੜਿਓਂ ਦੂਰੋਂ ਪੁਜੀਆਂ ਹੋਈਆਂ ਕੀਰਤਨ ਸ੍ਰਵਨ ਕਰਦੀਆਂ ਤੇ ਗੁਰਮੁਖ ਰੂਹਾਂ ਦੇ ਦਰਸ਼ਨ ਦੀਦਾਰੇ ਕਰਦੀਆਂ ਨਿਹਾਲ ਨਿਹਾਲ ਹੋਈਆਂ। ਇਸ ਸਮਾਗਮ ਵਿਚ ਖ਼ਾਸ ਕਰ ਬੀਬੀ ਭੁਪਿੰਦਰ ਕੌਰ ਜੀ ਤੇ ਭਾਈ ਸਾਹਿਬ ਸੂਰਤ ਸਿੰਘ ਜੀ (ਪੂਰਨ ਜੀ) ਹਾਜ਼ਰੀ ਭਰ ਰਹੇ ਸਨ।

ਪਿਛਲੇ ਕੁਝ ਸਮੇਂ ਤੋਂ ਭਾਈ ਦਰਸ਼ਨ ਸਿੰਘ ਜੀ ਦੇ ਹੇਠਲੇ ਧੱੜ ਲਤਾਂ ਪੈਰਾਂ ਵਿਚ ਸਰੀਰਕ ਤੌਰ ਤੇ ਕਮਜ਼ੋਰੀ ਆ ਗਈ। ੧੯੭੯ ਵਿਚ ਸੈਂਟਰਲ ਸਮਾਗਮ ਕਲਗੀਧਰ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਜਨਮ ਉਤਸਵ ਪੁਰਬ ਲੁਧਿਆਣਾ ਵਿਖੇ ਤਿੰਨ ਦਿਨ ਹਾਜ਼ਰੀ ਭਰਦੇ ਰਹੇ। ਆਪਣੇ ਨਜ਼ਦੀਕੀ ਰਿਸ਼ਤੇਦਾਰ ਭਾਈ ਅਮਰੀਕ ਸਿੰਘ ਜੀ ਨਿਊ ਮਾਡਲ ਟਾਊਨ ਵਾਲ਼ਿਆਂ ਪਾਸ ਠਹਿਰੇ ਰਹੇ। ਕੀਰਤਨੀ ਸਿੰਘਾਂ ਬੀਬੀਆਂ ਪਾਸੋਂ ਕੀਰਤਨ ਦਾ ਆਨੰਦ ਮਾਣਦੇ ਰਹੇ। ਸਤਿਗੁਰੂ ਦੀ ਬਖਸ਼ਿਸ਼ ਸਦਕਾ ਗੁਰਬਾਣੀ ਕਾਫ਼ੀ ਕੰਠ ਸੀ। ਸ੍ਰੀ ਗੁਰੂ ਗਰੰਥ ਸਾਹਿਬ ਵਿਚਲੇ ਰਾਗਾਂ, ਸ਼ਬਦਾਂ, ਲਗਾਂ ਮਾਤਰਾਂ ਤੇ ਪੰਨਿਆਂ ਤੀਕ ਦੀ ਕਾਫ਼ੀ ਸੂਝ ਬੂਝ ਹੋਣ ਕਾਰਨ ਹੋਰ ਵੀ ਜ਼ਿਆਦਾ ਆਨੰਦ ਮਾਣਦੇ ਰਹੇ।

ਕੁਝ ਸਮਾਂ ਬਤੀਤ ਹੋਣ ਮਗਰੋਂ ਸਰੀਰਕ ਤੌਰ ਤੇ ਜ਼ਿਆਦਾ ਨਿਰਬਲ ਹੋ ਗਏ, ਤੇ ਤੁਰ ਫਿਰ ਨਹੀਂ ਸੀ ਸਕਦੇ। ਆਪਣੇ ਛੋਟੇ ਲੜਕੇ ਸ: ਅਮਰਜੀਤ ਸਿੰਘ ਪਾਸ ਹੀ ਰਹਿੰਦੇ ਰਹੇ। ਸਮਾਗਮ ਵਿਚ ਹਾਜ਼ਰੀ ਨਹੀਂ ਭਰ ਸਕਦੇ ਸੀ। ਆਪ ਜੀ ਕੀਰਤਨੀਆਂ ਸਿੰਘਾਂ ਦੀਆਂ ਕੈਸਟਾਂ ਤੋਂ ਟੇਪ-ਰੀਕਾਰਡ ਰਾਹੀਂ ਮੰਜੇ ਪਏ ਕੀਰਤਨ ਸ੍ਰਵਨ ਕਰਦੇ ਰਹੇ। ਮਾਰਚ ੧੯੮੨ ਵਿਚ ਸਰੀਰ ਜ਼ਿਆਦਾ ਹੀ ਢਿੱਲਾ ਹੋ ਗਿਆ। ਜਲੰਧਰ ਦੇ ਅਖੰਡ ਕੀਰਤਨੀ ਜਥੇ ਵਲੋਂ ਫ਼ੈਕਟਰੀ ਦੇ ਗੁਰਦੁਆਰੇ ਵਿਖੇ ਸ੍ਰੀ ਅਖੰਡਪਾਠ ਅਤੇ ਕੀਰਤਨ ਰਖੇ ਗਏ। ਅਖੰਡਪਾਠ ਦੀ ਸਮਾਪਤੀ ਤੇ ਡਾਢੇ


www.AKJ.org

ਬੈਰਾਗ-ਰੰਗਾਂ ਵਿਚ ਕੀਰਤਨ ਹੋਏ। ਗੜਗਜ ਜੀ ਆਪਣੇ ਕਮਰੇ ਵਿਚ ਗੁਰਬਾਣੀ ਤੇ ਕੀਰਤਨ ਦਾ ਇਕ-ਰਸ ਅਨੰਦ ਮਾਣ ਰਹੇ ਸਨ। ਸੁਆਸ ਸੁਆਸ ਸਿਮਰਨ ਕਰਕੇ ਚੇਹਰੇ ਤੇ ਜਪ ਤਪ ਜਲਾਲ ਨਜ਼ਰ ਆਉਂਦਾ ਸੀ। ਕੀਰਤਨ ਦੀ ਸਮਾਪਤੀ ਮਗਰੋਂ ਗੜਗਜ ਜੀ ਲਈ ਅਰਦਾਸ ਹੋਈ। ਉਪਰੰਤ ਸਾਰੇ ਸਿੰਘ ਗੜਗਜ ਜੀ ਨੂੰ ਮਿਲੇ ਅਤੇ ਫ਼ਤਹ ਬੁਲਾਈ। ਕੁਝ ਸਮੇਂ ਮਗਰੋਂ ਸਰੀਰ ਪਹਿਲਾਂ ਨਾਲੋਂ ਵੀ ਨਿਰਬਲ ਹੋ ਗਿਆ। ਅੱਖਾਂ ਦੇ ਡੇਹਲੇ ਪਿਛਾਂਹ ਨੂੰ ਹੋ ਗਏ, ਮਾਨੋ ਇਉਂ ਪਰਤੀਤ ਹੋਵੇ–

ਜਿਨ ਅੰਦਰਿ ਪ੍ਰੀਤਿ ਪਿਰੰਮ ਕੀ, ਜਿਉ ਬੋਲਨਿ ਤਿਵੈ ਸੋਹੰਨਿ ॥
ਨਾਨਕ ਹਰਿ ਆਪੇ ਜਾਣਦਾ ਜਿਨਿ ਲਾਈ ਪ੍ਰੀਤਿ ਪਿਰੰਨਿ ॥੨॥੪॥ (ਪੰਨਾ ੩੦੧)
ਫਰੀਦਾ ਹਉ ਬਲਿਹਾਰੀ ਤਿਨ੍ ਪੰਖੀਆ ਜੰਗਲਿ ਜਿੰਨ੍ਾ ਵਾਸੁ ॥
ਕਕਰੁ ਚੁਗਨਿ ਥਲਿ ਵਸਨਿ, ਰਬ ਨ ਛੋਡਨਿ ਪਾਸੁ ॥੧੦੧॥ (ਪੰਨਾ ੧੩੮੩)

ਇਥੇ ਇਹ ਦਸਣਾ ਵੀ ਜ਼ਰੂਰੀ ਹੈ ਕਿ ਗੜਗਜ ਜੀ ਦਾ ਆਪਣੀ ਵੱਡੀ ਭੈਣ ਵੀਰਾਂ ਬਾਈ ਨਾਲ ਬੜਾ ਡੂੰਘਾ ਪਿਆਰ ਸੀ। ਆਖ਼ਰੀ ਵਾਰ ਆਪਣੇ ਵਡੇ ਲੜਕੇ ਮਨਮੋਹਨ ਸਿੰਘ ਪਾਸ ਕੁਝ ਸਮਾਂ ਚੰਡੀਗੜ੍ਹ ਠਹਿਰ ਕੇ, ਵਾਪਸ ਜਲੰਧਰ ਆਉਂਦਿਆਂ ਰਸਤੇ ਵਿਚ ਕੁਰਾਲੀ ਵਿਖੇ ਆਪਣੇ ਭੈਣ ਜੀ ਨੂੰ ਡਾਢੇ ਪਿਆਰ ਨਾਲ ਮਿਲੇ। ਭੈਣ ਜੀ ਨਾਲ ਇਹ ਆਖ਼ਰੀ ਮਿਲਣੀ ਸੀ। ਭੈਣ ਦਾ ਵੀ ਆਪਣੇ ਵੀਰ ਨਾਲ ਇਤਨਾ ਸਨੇਹ ਸੀ ਕਿ 'ਜਿਸੁ ਪਿਆਰੇ ਸਿਉ ਨੇਹੁ ਤਿਸੁ ਆਗੈ ਮਰਿ ਚਲੀਐ' ਮਹਾਂ ਵਾਕ ਅਨੁਸਾਰ, ਆਪਣੇ ਵੀਰ ਦੇ ਅਕਾਲ ਚਲਾਣੇ ਤੋਂ ਦੋ ਦਿਨ ਪਹਿਲਾਂ ਹੀ ੨੦ ਮਾਰਚ ੧੯੮੪ ਨੂੰ ਗੁਰਪੁਰੀ ਪਿਆਨੇ ਕਰ ਗਏ।

ਗੜਗਜ ਜੀ ਦਾ ਸਰੀਰਕ ਚੋਲਾ ਅਤਿ ਖੀਣ ਤੇ ਜਰਜਰਾ ਹੋਇਆ ਵੇਖ ਕੇ ਗੁਰਦਵਾਰੇ ਵਿਚ ਉਨ੍ਹਾਂ ਦੀ ਮੁਕਤੀ ਲਈ ਅਰਦਾਸ ਕੀਤੀ ਗਈ। ਦੇਗ ਵਰਤਾ ਕੇ ਕੜਾਹ ਪ੍ਰਸ਼ਾਦ ਦਾ ਛਾਂਦਾ ਲਿਆ ਕੇ ਭਾਈ ਸਾਹਿਬ ਨੂੰ ਛਕਾਇਆ ਗਿਆ। ਅਰਦਾਸ ਦੀ ਪਰਤੱਖ ਕਲਾ ਵਰਤੀ। ਪਰਵਾਰ ਤੇ ਆਏ ਸਿੰਘਾਂ ਵਲੋਂ ਵਾਹਿਗੁਰੂ ਦਾ ਜਾਪ ਹੁੰਦਾ ਰਿਹਾ। ਅੰਤ ਆਪ ਜੀ ਉਸੇ ਦਿਨ ੨੨ ਮਾਰਚ ੧੯੮੪ ਨੂੰ ਤਕਰੀਬਨ ੧੧-੩੦ ਵਜੇ ਸੁਖੈਨ ਹੀ ਸਰੀਰ ਤਿਆਗਕੇ ਗੁਰਪੁਰੀ ਜਾ ਬਿਰਾਜੇ। ਇਹ ਵਿਜੋਗੀ ਖ਼ਬਰ ਪੁਜਣ ਸਾਰ ਦਾਸ ੨-੩੦ ਵਜੇ ਦੁਪਹਿਰ ਨੂੰ ਪਰਵਾਰ ਸਮੇਤ ਪੁਜ ਗਿਆ। ਗੜਗਜ ਜੀ ਦੇ ਸਰੀਰਕ ਚੋਲੇ ਦੇ ਦਰਸ਼ਨ ਦੀਦਾਰੇ ਕੀਤੇ। "ਗੁਰਸਿਖ ਮੀਤ ਚਲਹੁ ਗੁਰ ਚਾਲੀ" ਵਾਲਾ ਜੀਵਨ ਬਤੀਤ ਕਰ ਗਏ। ਗੜਗੜ ਜੀ ਦੀ ਬੱਚੀ ਮਹਿੰਦਰ ਕੌਰ ਦੇ ਨਾ ਪੁਜ ਸਕਣ ਕਾਰਨ ਸਰੀਰ ਨੂੰ ਰਾਤਰੀ ਨਿਵਾਸ-ਅਸਥਾਨ ਤੇ ਰਖਿਆ ਗਿਆ। ਅਖੰਡ ਕੀਰਤਨੀ ਜਥਾ ਜਲੰਧਰ ਵਲੋਂ ਸਾਰੀ ਰਾਤ ਅਖੰਡ ਕੀਰਤਨ ਹੋਏ। ਵੈਰਾਗ ਮਈ ਕੀਰਤਨ ਦੁਆਰਾ ਸਮਾਪਤੀ ੯ ਵਜੇ ਸਵੇਰੇ ਹੋਈ। ਗੁਰਮਤਿ ਰਹੁ-ਰੀਤੀ ਅਨਿਸਾਰ ਗੁਰਸਿਖ ਰੂਹਾਂ ਨੇ ਇਸ਼ਨਾਨ ਕਰਾਏ। ਕੀਰਤਨ ਕਰਦੇ ਹੋਏ ਪੰਜ ਭੂਤਕ ਸਰੀਰ ਦਾ ਦਾਹ ਸੰਸਕਾਰ ਹੋਇਆ। ਸਜਲ ਨੇਤਰਾਂ ਰਾਹੀਂ ਸ: ਕੇਸਰ ਸਿੰਘ ਜੀ ਦਾ ਸਮੂਹ ਪ੍ਰਵਾਰ ਇਸ ਸਮੇਂ ਹਾਜ਼ਰ ਸੀ।

ਗੁਰਮੁਖਿ ਦੁਰਲਭ ਦੇਹ ਅਉਸਰੁ ਜਾਣਦੇ ॥ ਸਾਧ ਸੰਗਤਿ ਅਸਨੇਹ ਸਭ ਰੰਗ ਮਾਣਦੇ ॥
ਸਬਦ ਸੁਰਤਿ ਲਿਵ ਲੇਹ, ਆਖਿ ਵਖਾਣਦੇ ॥ ਦੇਹੀ ਵਿਚਿ ਬਿਦੇਹ ਸਚੁ ਸਿਵਾਣਦੇ ॥
ਦੁਬਿਧਾ ਓਹੁ ਨ ਏਹੁ ਇਕੁ ਪਛਾਣਦੇ ॥ ਚਾਰਿ ਦਿਹਾੜੇ ਥੇਹੁ, ਮਨ ਵਿਚਿ ਆਣਦੇ ॥
(ਭਾ: ਗੁਰਦਾਸ ਜੀ, ਵਾਰ ੧੯, ਪਉੜੀ ੧੧)

ਗੜਗਜ ਜੀ ਦੀ ਅੰਤਮ ਯਾਦ ਵਿਚ ੩੦ ਮਾਰਚ ੧੯੮੪ ਨੂੰ ਜਲੰਧਰ ਦੇ ਸਿੰਘਾਂ ਵਲੋਂ ਅੰਮ੍ਰਿਤ ਵੇਲੇ ਸ੍ਰੀ ਅਖੰਡ ਪਾਠ ਆਰੰਭ ਹੋਏ। ੧ ਅਪਰੈਲ ੧੯੮੪ ਨੂੰ ਅੰਮ੍ਰਿਤ ਵੇਲੇ ਸਮਾਪਤੀ ਹੋਈ। ਉਪਰੰਤ ਖੁਲ੍ਹੇ ਪੰਡਾਲ ਵਿਚ ਸ੍ਰੀ ਆਸਾ ਦੀ ਵਾਰ ਦੇ ਕੀਰਤਨ ਆਰੰਭ ਹੋਏ, ਅਖੰਡ ਕੀਰਤਨੀ ਜਥਾ ਜਲੰਧਰ, ਕਪੂਰਥਲਾ, ਲੁਧਿਆਣਾ, ਸ੍ਰੀ ਅੰਮ੍ਰਿਤਸਰ ਆਦਿ ਤੋਂ ਬੇਅੰਤ ਸਿੰਘ ਪੁਜੇ ਹੋਏ ਸਨ। ਵੈਰਾਗ ਮਈ ਕੀਰਤਨ ਹੋਏ।

ਮਾਨ ਮੋਹ ਅਰੁ ਲੋਭ ਵਿਕਾਰਾ, ਬੀਓ ਚੀਤਿ ਨ ਘਾਲਿਓ ॥


www.AKJ.Org

ਨਾਮ ਰਤਨੁ ਗੁਣਾ ਹਰਿ ਬਣਜੇ, ਲਾਦਿ ਵਖਰੁ ਲੈ ਚਾਲਿਓ ॥੧॥
**ਸੇਵਕ ਕੀ ਓੜਕਿ ਨਿਬਹੀ ਪ੍ਰੀਤਿ ॥** (ਪੰਨਾ ੧੦੦੦)

੧੨ ਵਜੇ ਦੁਪਹਿਰੇ ਕੀਰਤਨ ਦੀ ਸਮਾਪਤੀ ਹੋਈ। ਲੁਧਿਆਣਾ ਤੋਂ ਸ: ਰਣਜੀਤ ਸਿੰਘ ਨਾਜ਼ ਅਤੇ ਬਹੁਤ ਸਾਰੇ ਪਤਵੰਤੇ ਅਕਾਲੀ ਲੀਡਰ ਅਤੇ ਬੇਅੰਤ ਸੰਗਤਾਂ ਪੁਜੀਆਂ ਹੋਈਆਂ ਸਨ। ਭਾਈ ਅਮਰੀਕ ਸਿੰਘ ਜੀ ਨੇ ਵੈਰਾਗ ਮਈ ਅਰਦਾਸ ਜੋਦੜੀ ਕੀਤੀ।

ਬਿਨਵੰਤਿ ਨਾਨਕ ਸਰਣਿ ਤੇਰੀ ਰਖਿ ਲੇਹੁ ਆਵਣ ਜਾਣਾ।।੧॥ (ਬਿਹਗੜਾ ਮ: ੫, ਪੰਨਾ ੫੪੩)

ਉਪਰੰਤ ਗੁਰੂ ਕਾ ਲੰਗਰ ਸੰਗਤਾਂ ਨੂੰ ਛਕਾਇਆ ਗਿਆ। ਗੜਗਜ ਜੀ ਦੀਆਂ ਨਾਮ-ਅਭਿਆਸੀ ਯਾਦਾਂ, ਅੰਮ੍ਰਿਤ ਵੇਲੇ ਦੀ ਸੰਭਾਲ, 'ਗੁਰੂ ਵਾਹ' ਦੀ ਗਰਜਵੀਂ ਆਵਾਜ਼, ਅਤੇ ਉਦਮ ਉਤਸ਼ਾਹ ਆਪ ਦੇ ਪਿਆਰਿਆਂ ਪ੍ਰਤੀ ਹਿਰਦਿਆਂ ਵਿਚ ਸਦਾ ਕਾਇਮ ਰਹਿਣਗੇ।

---

# ਸਿਖ ਕੌਮ ਤੇ ਗੁਰਦਵਾਰਾ ਸਾਹਿਬ

[ਵਲੋਂ—ਕੈਪਟਨ ਸਵਰਨ ਸਿੰਘ ਜੀ, ਘੜਿਆਲਾ]

ਸਿਖ ਲਈ ਧਰਮ ਪਹਿਲੋਂ ਤੇ ਹੋਰ ਸਭ ਕੁਝ ਪਿਛੋਂ। ਕੋਈ ਖ਼ਤਰਾ, ਲਾਲਚ, ਰੁਅਬ, ਧੌਂਸ ਜਾਂ ਡਰ ਸਿਖ ਨੂੰ ਆਪਣੇ ਧਾਰਮਕ ਜੀਵਨ ਤੋਂ ਉਖੇੜ ਨਹੀਂ ਸਕਦੇ। ਸਿਖ, ਧਰਮ ਖ਼ਾਤਰ ਦੁਖਾਂ ਕਸ਼ਟਾਂ ਨੂੰ ਧੰਨ ਭਾਗ ਸਮਝਦਾ ਹੈ। ਸਤਿਗੁਰੂ ਦੇ ਦਰ ਤੇ ਕਬੂਲ ਹੋਣ ਲਈ ਜਾਨ ਦੇਣੀ ਵੀ ਸਸਤਾ ਸੌਦਾ ਹੀ ਸਮਝਦਾ ਹੈ। ਧਰਮ ਖ਼ਾਤਰ ਜੇ ਸੀਸ ਦੇਣ ਦਾ ਸਮਾਂ ਆਵੇ ਤਾਂ ਸਿਖ ਨੂੰ ਚਾਉ ਤੇ ਜੋਸ਼ ਚੜ੍ਹ ਜਾਂਦਾ ਹੈ। ਹਰ ਇਕ ਸਿਖ ਪਹਿਲ ਨੂੰ ਲੋਚਦਾ ਹੈ।

ਮੱਸੇ ਰੰਘੜ ਨੇ ਜਦ ਹਰਿਮੰਦਰ ਸਾਹਿਬ ਦੀ ਬੇਅਦਬੀ ਕੀਤੀ ਤਾਂ ਸਿੰਘਾਂ ਨੇ ਸਿਰ ਤਲੀ ਤੇ ਧਰ ਕੇ, ਉਸ ਨੂੰ ਕੀਤੀ ਦਾ ਫਲ ਭੁਗਤਾ ਦਿਤਾ।

ਨਸੀਰ ਖਾਨ ਜਲੰਧਰੀਏ ਨੇ ਥੰਮ੍ਹ ਸਾਹਿਬ ਕਰਤਾਰਪੁਰ ਉਤੇ ਗਊਆਂ ਵਢ ਕੇ ਮਗਰੋਂ ਸਾੜ ਦਿਤਾ ਤਾਂ ਸਿਖਾਂ ਨੇ ਉਸ ਨੂੰ ਕੱਬਰ ਚੋਂ ਕਢ ਕੇ ਸੂਰ ਦੇ ਲਹੂ ਵਿਚ ਨੁਹਾ ਕੇ ਤੇ ਉਸੇ ਮਾਸ ਵਿਚ ਬੰਨ੍ਹ ਕੇ ਅੱਗ ਵਿਚ ਸਾੜਿਆ ਤੇ ਜਲੰਧਰ ਦੇ ਪਠਾਣਾਂ ਦੀ ਉਹ ਬਾਬ ਕੀਤੀ ਕਿ ਫਿਰ ਪਹਿਲੀ ਤਾਬ ਨਾ ਆਈ।

ਦੁਰਾਨੀ ਫ਼ੌਜਾਂ ਨੇ ਸਰੋਵਰ ਨੂੰ ਪੂਰਿਆ ਸੀ। ਲੜਾਈ ਵਿਚ ਜਦ ਦੁਰਾਨੀ ਸਿਪਾਹੀ ਸਿਖਾਂ ਹੱਥੋਂ ਕੈਦ ਹੋਏ ਤਾਂ ਕਾਰ ਸੇਵਾ ਵੀ ਸਿਖਾਂ ਨੇ ਇਨ੍ਹਾਂ ਤੋਂ ਹੀ ਕਰਵਾਈ।

ਦੁਰਾਨੀਆਂ ਹਰਿਮੰਦਰ ਸਾਹਿਬ ਤੇ ਕਬਜ਼ਾ ਕਰ ਲਿਆ ਤਾਂ ੭੯-ਸਾਲਾ ਬਜ਼ੁਰਗ ਬਾਬਾ ਦੀਪ ਸਿੰਘ ਮੰਡੀ ਸ਼ਾਬੋ ਤੋਂ ਮੁਠੀ ਭਰ ਸਿੰਘ ਲੈ ਕੇ ਤੁਰ ਪਿਆ ਤੇ ਸਿਰ ਲਾ ਕੇ ਦਰਬਾਰ ਸਾਹਿਬ ਨੂੰ ਅਜ਼ਾਦ ਕਰਾ ਲਿਆ।

ਅਹਿਮਦਸ਼ਾਹ ੩੦ ਹਜ਼ਾਰ ਫ਼ੌਜ ਲੈ ਕੇ ਸ੍ਰੀ ਅੰਮ੍ਰਿਤਸਰ ਵਲ ਚੜ੍ਹ ਕੇ ਆਇਆ। ਬਾਬਾ ਗੁਰਬਖਸ਼ ਸਿੰਘ ਸਿਰਫ ੩੦ ਸਿੰਘਾਂ ਨਾਲ ਅਕਾਲ ਬੁੰਗੇ ਬੈਠੇ ਉਡੀਕ ਕਰਦੇ ਰਹੇ। ਉਹ ਸਾਰੇ ਸਿੰਘ ਦਰਬਾਰ ਸਾਹਿਬ ਹੀ ਸ਼ਹੀਦ ਹੋ ਗਏ, ਕਿਸੇ ਨੇ ਭਜ ਕੇ ਜਾਨ ਬਚਾਉਣ ਦੀ ਨਾ ਸੋਚੀ। ਕਾਜ਼ੀ ਨੂਰ ਮੁਹੰਮਦ ਵੀ ਇਸ ਪਿਆਰ ਤੇ ਹੈਰਾਨ ਰਹਿ ਗਿਆ।

ਨਨਕਾਣਾ ਸਾਹਿਬ ਨੂੰ ਦੁਰਾਚਾਰੀ ਮਹੰਤ ਤੋਂ ਬਚਾਉਣ ਲਈ ਸਿੰਘ ਕਿਵੇਂ ਜੰਡਾਂ ਨਾਲ ਸੜੇ, ਗੁਰੂ ਕੇ ਬਾਗ ਦੇ ਮੋਰਚੇ ਵਿਚ ਕਿਵੇਂ ਡਾਂਗਾਂ ਨਾਲ ਕੁਟ ਕੁਟ ਕੇ ਚਕਨਾਚੂਰ ਕੀਤੇ ਗਏ ਅਤੇ ਘੋੜਿਆਂ ਦੇ ਪੈਰਾਂ ਹੇਠ ਲਤਾੜੇ ਜਾ ਕੇ ਬੇਅੰਤਹਾ ਜ਼ੁਲਮਾਂ ਨੂੰ ਖਿੜੇ ਮਥੇ ਸਹਾਰਿਆ, ਤੇ ਫਿਰ ਗੰਗਸਰ ਜੈਤੋ ਗੁਰਦਵਾਰਾ ਸਾਹਿਬ ਦੀ ਆਨ ਸ਼ਾਨ ਖ਼ਾਤਰ ਸਿਖ ਕਿਵੇਂ ਛਾਤੀਆਂ ਡਾਹ ਕੇ ਗੋਲੀਆਂ ਨਾਲ ਉਡੇ, ਅਜੇ ਕੱਲ੍ਹ ਦੀ ਗੱਲ ਹੈ।

ਗੁਰਦਵਾਰਾ ਸਿਖੀ ਦਾ ਅੰਗ ਹੈ ਤੇ ਇਸ ਦੀ ਆਨ ਸ਼ਾਨ ਬਦਲੇ ਸਿਖ ਵਡੀ ਤੋਂ ਵੱਡੀ ਕੁਰਬਾਨੀ ਦੇਣ ਨੂੰ ਸਦਾ ਤਿਆਰ ਰਹਿੰਦੇ ਹਨ।



www.AKJ.Org

# ਗੁਰ-ਪਰਸਾਦੁ

[ਪ੍ਰੋਫੈਸਰ ਗੁਰਮੁਖ ਸਿੰਘ ਜੀ, ਗੌਰਮੈਂਟ ਕਾਲਜ, ਸੰਗਰੂਰ]

ਦਸੰਬਰ ੧੯੯੩ ਦੇ 'ਸੂਰਾ' ਵਿਚ "ਭਾਰਤੀ ਧਰਮ-ਚੇਤਨਾ ਤੇ ਗੁਰਮਤਿ ਫ਼ਲਸਫ਼ਾ" ਲੇਖ ਜੋ ਛਪਿਆ ਹੈ, ਉਸ ਦੀ ਆਖ਼ਰੀ ਕਿਸ਼ਤ ਪਾਠਕਾਂ ਦੀ ਭੇਟ ਹੈ।

ਇਸ ਲੇਖ ਦੇ ਲੰਮੇ ਹੋਣ ਦੇ ਡਰ ਤੋਂ 'ਗੁਰ ਪਰਸਾਦੁ' ਤੇ ਹੀ ਅੰਤਮ ਵਿਸ਼ੇ ਵਜੋਂ ਵੀਚਾਰ ਕੀਤੀ ਜਾ ਰਹੀ ਹੈ। 'ਪਰਸਾਦੁ' ਦੇ ਅਰਥ ਹਨ ਫ਼ਜ਼ਲ, ਕਿਰਪਾ, ਮਿਹਰ, ਰਹਿਮਤ, ਬਖ਼ਸ਼ਿਸ਼। ਇਹ ਦੋ ਪਾਸਿਆਂ ਤੋਂ ਹੁੰਦੀ ਹੈ, ਜਿਸ ਦਾ ਗੁਰਬਾਣੀ ਵਿਚ ਸੰਕੇਤ ਮਿਲਦਾ ਹੈ। ਇਕ ਅਕਾਲ ਪੁਰਖ ਵਲੋਂ ਅਤੇ ਦੂਜੀ ਗੁਰੂ ਸਤਿਗੁਰੂ ਵਲੋਂ।

ਪ੍ਰਭੂ ਦੀ ਕਿਰਪਾ ਜਦੋਂ ਮਨੁਖ ਤੇ ਹੁੰਦੀ ਹੈ ਤਾਂ ਉਸਨੂੰ ਮਨੁਖਾ ਦੇਹੀ ਮਿਲਦੀ ਹੈ। ਪਸ਼ੂ ਜੂਨੀਆਂ ਦੇ ਮੁਕਾਬਲੇ ਮਨੁਖਾ ਜੂਨ ਇਸ ਲਈ ਉਤਮ ਹੈ ਕਿਉਂਕਿ ਮਨੁਖ ਆਪਣੇ 'ਮੰਦੇ ਚੰਗੇ' ਦੀ ਸੋਚ ਵਿਚਾਰ ਕਰ ਸਕਦਾ ਹੈ।

ਪ੍ਰਭ ਜੀ ਮੋਹਿ ਕਵਨੁ ਅਨਾਥ ਵਿਚਾਰਾ॥
ਕਵਨ ਮੂਲ ਤੇ ਮਾਨੁਖੁ ਕਰਿਆ ਇਹੁ ਪਰਤਾਪੁ ਤੁਮਾਰਾ ॥੧॥ਰਹਾਉ॥

ਸਾਰੰਗ ਮ: ੫, ਪੰਨਾ ੧੨੨੦

ਗੁਰਬਾਣੀ ਅਨੁਸਾਰ ਦੋ ਪ੍ਰਕਾਰੀ ਮਨੁਖ ਸ਼੍ਰੇਣੀਆਂ ਹਨ। ਇਕ ਉਹ ਜੋ ਵਾਹਿਗੁਰੂ ਜੀ ਨੂੰ ਮੰਨਦੇ ਹਨ, ਉਹ ਗੁਰਮੁਖ ਹਨ। ਇਕ ਉਹ ਹਨ ਜੋ ਵਾਹਿਗੁਰੂ ਜੀ ਨੂੰ ਨਹੀਂ ਮੰਨਦੇ, ਉਹ ਮਨਮੁਖ ਹਨ। ਗੁਰਮੁਖ ਦਾ ਗੁਰੂ ਵਲ ਮੁਖ ਹੈ ਤੇ ਮਨਮੁਖ ਦਾ ਆਪਣੇ ਮਨ ਵਲ। ਗੁਰਮੁਖ ਗੁਰੂ ਦੀ ਦਸੀ ਕਾਰ ਕਰਦਾ ਹੈ, ਪਰ ਮਨਮੁਖ ਮਨ ਦੀ ਮਤਿ ਪਿਛੇ ਹੀ ਸਦਾ ਤੁਰਦਾ ਹੈ।

ਇਕਨਾ ਸਤਿਗੁਰੁ ਮੇਲਿ ਤੂੰ ਬੁਝਾਵਹਿ, ਇਕਿ ਮਨਮੁਖ ਕਰਹਿ ਸਿ ਰੋਵੈ ॥੩॥੪॥੧੫॥੨੪॥

(ਸੂਹੀ ਮ: ੪, ਪੰਨਾ ੭੩੬)

ਮਾਝ ਕੀ ਵਾਰ ਦੀ ਬਾਰ੍ਹਵੀਂ ਪਉੜੀ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸ ਸੰਬੰਧੀ ਲਿਖਿਆ ਹੈ :—

ਆਪੇ ਕੁਦਰਤਿ ਸਾਜਿ ਕੈ ਆਪੇ ਕਰੇ ਬੀਚਾਰੁ ॥ ਇਕਿ ਖੋਟੇ ਇਕਿ ਖਰੇ, ਆਪੇ ਪਰਖਣਹਾਰੁ ॥
ਖਰੇ ਖਜਾਨੈ ਪਾਈਅਹਿ, ਖੋਟੇ ਸਟੀਅਹਿ ਬਾਹਰਵਾਰਿ ॥
ਖੋਟੇ ਸਚੀ ਦਰਗਹ ਸੁਟੀਅਹਿ ਕਿਸੁ ਅਗੈ ਕਰਹਿ ਪੁਕਾਰ ॥
ਸਤਿਗੁਰੁ ਪਿਛੈ ਭਜਿ ਪਵਹਿ ਏਹਾ ਕਰਣੀ ਸਾਰ ॥
ਸਤਿਗੁਰੁ ਖੋਟਿਅਹੁ ਖਰੇ ਕਰੇ ਸਬਦਿ ਸਵਾਰਣਹਾਰੁ ॥
ਸਚੀ ਦਰਗਹ ਮੰਨੀਅਹਿ ਗੁਰ ਕੈ ਪ੍ਰੇਮ ਪਿਆਰਿ ॥
ਗਣਤ ਤਿਨਾ ਦੀ ਕੋ ਕਿਆ ਕਰੇ, ਜੋ ਆਪਿ ਬਖਸੇ ਕਰਤਾਰਿ ॥੧੨॥ (ਪੰਨਾ ੧੪੩)

ਮਨੁਖਾ ਜਨਮ ਵਿਚ ਆਉਣ ਦਾ ਭਾਵ ਹੀ ਇਹੋ ਹੈ ਕਿ ਅਸੀਂ ਅਜੇ ਖੋਟੇ ਹਾਂ, ਅਸੀਂ ਅਜੇ ਮਨਮੁਖ ਹਾਂ। ਸੱਚੀ ਦਰਗਾਹ ਵਿਚ ਕਬੂਲ ਨਹੀਂ ਹੋਏ। ਸਾਡੇ ਲਈ ਸ੍ਰੇਸ਼ਟ ਕਰਣੀ ਇਹੋ ਹੈ ਕਿ ਅਸੀਂ ਸਤਿਗੁਰ ਪਿਛੇ ਭਜ ਕੇ, ਉਹਨਾਂ ਦੇ ਚਰਨ ਪਰਸੀਏ ਤੇ ਖੋਟਿਓਂ ਖਰੇ ਹੋਣ ਲਈ ਜੁਗਤੀ ਪੁਛੀਏ—

ਸਤਿਗੁਰ ਅਗੈ ਅਰਦਾਸਿ ਕਰਿ, ਸਾਜਨ ਦੇਇ ਮਿਲਾਇ ॥
ਸਾਜਨਿ ਮਿਲਿਐ ਸੁਖੁ ਪਾਇਆ ਜਮਦੂਤ ਮੁਏ ਬਿਖੁ ਖਾਇ ॥੫॥੪॥ (ਸਿਰੀਰਾਗ ਮ: ੧, ਪੰਨਾ ੫੫)

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪ ਖ਼ੁਦ ਗੁਰੂ ਅਕਾਲ ਪੁਰਖ ਅਗੇ ਅਰਦਾਸ ਕੀਤੀ ਤੇ ਬਖਸ਼ਸ਼ ਪਾਈ—



www.AKJ.Org

ਪਹਿਲਾਂ ਬਾਬੇ ਪਾਯਾ ਬਖਸੁ ਦਰਿ, ਪਿਛੋਂ ਦੇ ਫਿਰਿ ਘਾਲਿ ਕਮਾਈ ॥
ਰੇਤੁ ਅਕੁ ਅਹਾਰੁ ਕਰਿ, ਰੋੜਾਂ ਦੀ ਗੁਰਿ ਕਰੀ ਵਿਛਾਈ ॥
ਭਾਰੀ ਕਰੀ ਤਪਸਿਆ, ਵਡੇ ਭਾਗੁ ਹਰਿ ਸਿਉ ਬਣਿ ਆਈ ॥
(ਭਾਈ ਗੁਰਦਾਸ ਜੀ, ਵਾਰ ੧, ਪਉੜੀ ੨੪)

ਗਉੜੀ ਰਾਗ ਵਿਚ ਪਾਤਿਸ਼ਾਹ ਆਪ ਇਸ ਪ੍ਰਥਾਏ ਇਉਂ ਸੰਕੇਤ ਕਰਦੇ ਹਨ—

ਸਤਿਗੁਰ ਦੇਖਿਆ, ਦੀਖਿਆ ਲੀਨੀ ॥ ਮਨੁ ਤਨੁ ਅਰਪਿਓ ਅੰਤਰਗਤਿ ਕੀਨੀ ॥
ਗਤਿ ਮਿਤਿ ਪਾਈ ਆਤਮੁ ਚੀਨੀ ॥੪॥ (ਗਉੜੀ ਮ: ੧, ਪੰਨਾ ੨੨੭)

ਭਾਵ ਪਹਿਲਾਂ ਗੁਰੂ ਅਕਾਲਪੁਰਖ ਜੀ ਦੀ ਕਿਰਪਾ ਬਖਸ਼ਿਸ਼ ਹੁੰਦੀ ਹੈ ਤੇ ਉਸ ਬਖਸ਼ਿਸ਼ ਸਦਕਾ ਮਨੁਖ ਦੀ ਆਤਮਕ ਜਾਗ ਖੁਲ੍ਹਦੀ ਹੈ ਤੇ ਫਿਰ ਗੁਰੂ ਨਾਲ ਉਸ ਦੀ ਕਿਰਪਾ-ਦ੍ਰਿਸ਼ਟੀ ਰਾਹੀਂ ਮੇਲ ਹੁੰਦਾ ਹੈ। ਫਿਰ ਹਰਿ ਨਾਮ ਦੀ ਕਮਾਈ ਉਹ ਕਰਦਾ ਹੈ।

ਪ੍ਰਭ ਬਾਂਹ ਪਕਰਾਈ, ਊਤਮ ਮਤਿ ਪਾਈ, ਗੁਰ ਚਰਣੀ ਜਨੁ ਲਾਗਾ ॥
ਹਰਿ ਹਰਿ ਨਾਮੁ ਜਪਿਆ ਆਰਾਧਿਆ, ਮੁਖਿ ਮਸਤਕਿ ਭਾਗੁ ਸਭਾਗਾ ॥੪॥੫॥੧੨॥
(ਆਸਾ ਮ: ੪, ਪੰਨਾ ੪੪੭)

ਨਦਰਿ ਕਰੇ ਤਾ ਸਿਮਰਿਆ ਜਾਇ ॥ ਆਤਮਾ ਦ੍ਰਵੈ ਰਹੈ ਲਿਵ ਲਾਇ ॥......੧॥
ਗੁਰ ਪਰਸਾਦੀ ਪਾਇਆ ਜਾਇ ॥ ਹਰਿ ਸਿਉ ਚਿਤੁ ਲਾਗੈ ਫਿਰਿ ਕਾਲੁ ਨ ਖਾਇ ॥੧॥ਰਹਾਉ॥
(ਧਨਾਸਰੀ ਮ: ੩, ਪੰਨਾ ੬੬੧)

ਭਾਵ—ਜਿਸ ਨੋ ਦੇਇ ਕਿਰਪਾ ਤੇ ਸੁਖੁ ਪਾਏ ॥ ਗੁਰੂ ਦੁਆਰੈ ਆਖਿ ਸੁਣਾਏ ॥੭॥
(ਓਅੰਕਾਰਿ ਦਖਣੀ ਮ: ੧, ਪੰਨਾ ੯੩੦

ਮਨਮੁਖਿ ਮਰੀਐ, ਗੁਰਮੁਖਿ ਤਰੀਐ, ਨਾਨਕ ਨਦਰੀ ਨਦਰਿ ਕਰੇ ॥੨॥੩॥
(ਮ: ੧, ਸਾਰੰਗ ਕੀ ਵਾਰ, ਪੰਨਾ ੧੨੩੮)

ਪਹਿਲੋਂ ਪੂਰਬਲੇ ਕਰਮਾਂ ਅਨੁਸਾਰ ਵਾਹਿਗੁਰੂ ਜੀ ਦੀ ਕਿਰਪਾ ਹੋਣੀ ਹੈ, ਫਿਰ ਸਤਿਗੁਰੂ ਜੀ ਦਾ ਮੇਲ ਹੁੰਦਾ ਹੈ।

ਨਦਰਿ ਕਰਹਿ ਜੇ ਆਪਣੀ, ਤਾ ਨਦਰੀ ਸਤਿਗੁਰੁ ਪਾਇਆ ॥
ਏਹੁ ਜੀਉ ਬਹੁਤੇ ਜਨਮ ਭਰੰਮਿਆ, ਤਾ ਸਤਿਗੁਰਿ ਸਬਦੁ ਸੁਣਾਇਆ ॥੪॥
(ਆਸਾ ਕੀ ਵਾਰ, ਪੰਨਾ ੪੬੫)

ਇਕ ਹੋਰ ਥਾਂ ਫੁਰਮਾਇਆ ਹੈ :—

ਪੂਰਬ ਕਰਮ ਅੰਕੁਰ ਜਬ ਪ੍ਰਗਟੇ, ਭੇਟਿਓ ਪੁਰਖੁ ਰਸਿਕ ਬੈਰਾਗੀ ॥
ਮਿਟਿਓ ਅੰਧੇਰੁ ਮਿਲਤ ਹਰਿ ਨਾਨਕ, ਜਨਮ ਜਨਮ ਕੀ ਸੋਈ ਜਾਗੀ ॥੨॥੨॥੧੧੯॥
(ਗਉੜੀ ਮ: ੫, ਪੰਨਾ ੨੦੪)

ਭਾਵ, ਪਰਬਲੇ ਕਰਮਾਂ ਦੇ ਸ਼ੁਭਗੁਣੀ ਅੰਕੁਰ ਜਦੋਂ ਪੁੰਗਰਦੇ ਹਨ ਤਾਂ ਸਤਿਗੁਰ ਦੇ ਦਰ ਦੀ ਸੋਝੀ ਹੁੰਦੀ ਹੈ। ਉਨ੍ਹਾਂ ਨਾਲ ਮਿਲਾਪ ਹੁੰਦਾ ਹੈ ਤੇ ਵਾਹਿਗੁਰੂ ਜੀ ਦੀ ਪ੍ਰਾਪਤੀ ਹੁੰਦੀ ਹੈ।

ਗੁਰੂ ਨਾਲ ਮੇਲ ਵਾਹਿਗੁਰੂ ਜੀ ਦੀ ਮਿਹਰ ਸਦਕਾ ਹੁੰਦਾ ਹੈ। ਪਰ ਦੂਜੇ ਪਾਸੇ, ਵਾਹਿਗੁਰੂ ਜੀ ਵਿਚ ਸਮਾਈ ਗੁਰੂ ਦੀ ਮਿਹਰ ਨਾਲ ਹੁੰਦੀ ਹੈ। ਇਹ ਇਕ ਰਹੱਸਮਈ ਚੱਕਰ ਹੈ। ਜੇ ਜ਼ਰਾ ਡੂੰਘਾਈ ਨਾਲ ਵੀਚਾਰਿਆ ਜਾਏ ਤਾਂ ਗੱਲ ਬੜੀ ਸਪਸ਼ਟ ਹੈ। ਪਹਿਲਾਂ ਵਾਹਿਗੁਰੂ ਜੀ ਨਿਰਗੁਣ ਜੋਤਿ ਸਰੂਪ ਹੋ ਕੇ ਮਿਹਰ ਕਰਦੇ ਹਨ, ਜਿਸਨੂੰ ਮਨੁਖ


www.AKJ.Org

ਨਹੀਂ ਵੇਖ ਸਕਦਾ। ਫਿਰ ਆਪਣੇ ਸਰਗੁਣ ਜੋਤਿ ਸਰੂਪ ਦੀ ਛੋਹ ਨਾਲ ਮਨੁਖ ਨੂੰ ਖੋਟਿਓਂ ਖਰੇ ਭੀ ਆਪ ਹੀ ਕਰ ਲੈਂਦੇ ਹਨ। **ਇਸ ਸਾਰੀ ਕ੍ਰਿਆ ਦਾ ਨਾਮ 'ਗੁਰ ਪ੍ਰਸਾਦੁ' ਹੈ**। ਅਸਲ ਵਿਚ ਗੁਰੂ ਅਤੇ ਅਕਾਲ ਪੁਰਖ ਵਿਚ ਗੁਰਮਤਿ ਨੇ ਕੋਈ ਭੇਦ ਨਹੀਂ ਮੰਨਿਆ। ਅਕਾਲਪੁਰਖ ਦੀ ਨਦਰਿ ਮਿਹਰ, ਗੁਰੂ ਦੀ ਮਿਹਰ ਹੈ; ਗੁਰੂ ਦੀ ਮਿਹਰ, ਅਕਾਲਪੁਰਖ ਦੀ ਮਿਹਰ ਬਖਸ਼ਿਸ਼ ਹੈ।

ਸਤਿਗੁਰੁ ਆਖੈ, ਸਚਾ ਕਰੇ, ਸਾ ਬਾਤ ਹੋਵੈ ਦਰਹਾਲੀ ॥
(ਰਾਮਕਲੀ ਕੀ ਵਾਰ, ਰਾਇ ਬਲਵੰਡ ਤਥਾ ਸਤੈ ਡੂਮਿ ਆਖੀ, ਪੰਨਾ ੯੬੭)

ਗੁਰ ਗੋਬਿੰਦੁ, ਗੋਬਿੰਦੁ ਗੁਰੂ ਹੈ, ਨਾਨਕ ਭੇਦੁ ਨ ਭਾਈ ॥੧॥੮॥ (ਆਸਾ ਮਹਲਾ ੪, ਪੰਨਾ ੪੪੨)

ਦੇਖਹੁ ਅਚਰਜੁ ਭਇਆ ॥
ਜਿਹ ਠਾਕੁਰ ਕਉ ਸੁਨਤ ਅਗਾਧਿ ਬੋਧਿ, ਸੋ ਰਿਦੈ ਗੁਰਿ ਦਇਆ ॥ਰਹਾਉ॥੩॥੧੪॥
(ਸੋਰਠਿ ਮ: ੫, ਪੰਨਾ ੬੧੨)

ਸਾਮੀ ਅਤੇ ਭਾਰਤੀ ਧਰਮ-ਚਿੰਤਕਾਂ ਦੇ ਵਿਚਾਰ ਅਨੁਸਾਰ ਹਰ ਮਨੁਖ ਦੇ ਕੀਤੇ ਕਰਮਾਂ ਅਨੁਸਾਰ ਉਸਨੂੰ ਸਜ਼ਾ ਜਾਂ ਫਲ ਮਿਲਦਾ ਹੈ। ਇਸ ਤੋਂ ਕੋਈ ਛੋਟ ਨਹੀਂ ਹੋ ਸਕਦੀ। ਪਰ ਗੁਰਮਤਿ ਫਲਸਫ਼ੇ ਦੀ ਗੌਰਵਤਾ ਅਤੇ ਵਿਲੱਖਣਤਾ ਇਸ ਗੱਲ ਵਿਚ ਹੈ ਕਿ "ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ,* ਅਕਾਲ ਪੁਰਖ ਆਪ ਗੁਰੂ ਨਾਨਕ ਸਾਹਿਬ ਦੇ ਜਾਮੇ ਵਿਚ "ਅਨੰਤ ਕਲਾ ਹੋਇ ਠਾਕੁਰੁ ਚੜਿਆ†। ਸਾਰ ਸਿੱਟਾ ਇਹ ਹੈ ਕਿ ਗੁਰੂ ਅਕਾਲ ਪੁਰਖ ਵਿਚ ਕੋਈ ਭੇਦ ਨਹੀਂ। ਗੁਰੂ ਘਰ ਦਾ ਇਤਿਹਾਸ ਹੈ ਕਿ ਇਥੇ ਸਤਿਗੁਰਾਂ ਦੀ ਸ਼ਰਨ ਵਿਚ ਭੈੜੇ ਤੋਂ ਭੈੜੇ ਕਰਮ ਕਰਨ ਵਾਲਾ ਜੋ ਇਕ ਵਾਰੀ ਆ ਗਿਆ ਤੇ ਉਸ ਨੇ ਸੱਚੇ ਦਿਲੋਂ ਪਛਤਾਉ ਕਰ ਲਿਆ, ਤਾਂ ਉਹ ਬਖਸ਼ਿਆ ਜਾਂਦਾ ਰਿਹਾ ਹੈ। ਸਜਣ ਠੱਗ,ਸਜਣ ਹੋ ਨਿਬੜਿਆ। ਭੂਮੀਆ ਡਾਕੂ, ਭਾਈ ਬਿਧੀ ਚੰਦ ਧਾੜਵੀ ਅਤੇ ਇਹੋ ਜਿਹੇ ਅਨੇਕਾਂ ਹੋਰ, ਜਿਨ੍ਹਾਂ ਨੂੰ ਸਮਕਾਲੀ ਕਿਸੇ ਧਰਮ ਨੇ ਨਹੀਂ ਸੀ ਉਚਿਆਂ ਚੁਕਣਾ, ਉਨ੍ਹਾਂ ਨੂੰ ਸਤਿਗੁਰਾਂ ਨੇ ਆਪਣੇ ਕੋਮਲ ਸਪਰਸ਼ ਨਾਲ ਪਸ਼ੂ ਤੋਂ, ਰਾਕਸ਼ੀ ਬਿਰਤੀ ਤੋਂ ਦੇਵ ਬਿਰਤੀ ਵਾਲਾ ਬਣਾ ਦਿਤਾ—

ਜਿਸੁ ਪਾਪੀ ਕਉ ਮਿਲੈ ਨ ਢੋਈ ॥
ਸਰਣਿ ਆਵੈ ਤਾਂ ਨਿਰਮਲੁ ਹੋਈ ॥੧॥੧੦॥੨੩॥ (ਭੈਰਉ ਮ: ੫, ਪੰਨਾ ੧੧੪੧)

ਸ੍ਰੀ ਗੁਰੂ ਰਾਮਦਾਸ ਜੀ ਇਸ ਪਰੰਪਰਾ ਵਲ ਸੰਕੇਤ ਕਰਦੇ ਹੋਏ ਫੁਰਮਾਉਂਦੇ ਹਨ :—

ਹਮ ਜੈਸੇ ਅਪਰਾਧੀ ਅਵਰੁ ਕੋਈ ਰਾਖੈ, ਜੈਸੇ ਹਮ ਸਤਿਗੁਰਿ ਰਾਖਿ ਲੀਏ ਛਡਾਇ ॥੩॥
(ਗਉੜੀ ਬੈਰਾਗਣਿ ਮ: ੪, ਪੰਨਾ ੧੬੭)

ਭਾਵ ਹੋਰ ਕਿਸੇ ਧਰਮ ਨੇ ਅਜਿਹੇ ਅਪਰਾਧੀਆਂ ਨੂੰ ਨਹੀਂ ਝਲਿਆ ਜਿਸ ਤਰ੍ਹਾਂ ਕਿ ਘੋਰ ਅਪਰਾਧੀਆਂ ਨੂੰ ਸਤਿਗੁਰਾਂ ਨੇ ਆਪਣੀ ਸ਼ਰਨ ਵਿਚ ਰਖ ਕੇ ਜਨਮ ਮਰਨ ਤੋਂ ਛੁਡਾ ਲਿਆ। ਕਿਉਂਕਿ ਗੁਰੂ ਪਾਰਬ੍ਰਹਮ ਦਾ ਹੀ ਰਪ ਹੈ—

ਪਾਰਬ੍ਰਹਮੁ ਪਰਮੇਸਰੁ ਅਨੂਪੁ ॥ ਸਫਲ ਮੂਰਤਿ ਗੁਰੁ ਤਿਸ ਕਾ ਰੂਪੁ ॥੨॥੫੬॥
(ਭੈਰਉ ਮ: ੫, ਪੰਨਾ ੧੧੫੨)

ਕੁਛ ਲੋਕ ਇਹ ਕਹਿੰਦੇ ਸੁਣੀਦੇ ਹਨ ਕਿ ਅਸੀਂ ਤਾਂ ਈਸ਼ਵਰ ਦੇ ਭਗਤ ਹਾਂ। ਸਾਡਾ ਤਾਂ ਸਿਧਾ ਹੀ ਪਰਮਾਤਮਾ ਨਾਲ ਸੰਪਰਕ ਹੈ, ਅਸੀਂ ਗੁਰੂ ਦੀ ਲੋੜ ਹੀ ਨਹੀਂ ਸਮਝਦੇ। ਗੀਤਾ ਵਿਚ ਭੀ ਸ੍ਰੀ ਕ੍ਰਿਸ਼ਨ ਦਾ ਫੁਰਮਾਨ ਹੈ ਅਰਜਨ ਪ੍ਰਤੀ ਕਿ "ਜੋ ਲੋਗ ਮੁਝੇ ਪੂਜਤੇ ਹੈਂ ਵਹੁ ਮੇਰੇ ਸੇ ਫਲ ਪ੍ਰਾਪਤ ਕਰਤੇ ਹੈਂ, ਔਰ ਜੋ ਲੋਗ ਦੇਵੀ ਦੇਵਤਾਓਂ ਕਉ ਪੂਜਤੇ ਹੈਂ, ਵਹੁ ਫਲ ਭੀ ਮੈਂ ਹੀ ਦੇਤਾ ਹੂੰ, ਪਰ ਦੇਵੀ ਦੇਵਤਾਓਂ ਕੀ ਮਾਰਫਤ।" ਭਾਵੇਂ ਵੇਦਾਂਤ

*ਸਵਈਏ ਮਹਲੇ ਤੀਜੇ ਕੇ, ਅੰਕ ੨।੧੬, ਪੰਨਾ ੧੩੯੫ †ਮਾਰੂ ਮਹਲਾ ੫, ਅੰਕ ੧੬।੨।੯, ਪੰਨਾ ੧੦੮੧


www.AKJ.Org

ਨੇ ਇਕ ਅਕਾਲ ਤਾਂ ਮੰਨਿਆ ਹੈ, ਪਰ ਉਹਨਾਂ ਨੇ ਕਿਸੇ ਸਮੇਂ ਭੀ ਦੇਵੀ ਦੇਵਤਿਆਂ ਦੀ ਪੂਜਾ ਛਡਣ ਦਾ ਉਪਦੇਸ਼ ਨਹੀਂ ਦ੍ਰਿੜ੍ਹਾਇਆ, ਜਿਵੇਂ ਗੀਤਾ ਦੇ ਉਪਰੋਕਤ ਉਪਦੇਸ਼ ਤੋਂ ਪੁਸ਼ਟੀ ਹੁੰਦੀ ਹੈ। ਉਸਦਾ ਵੱਡਾ ਕਾਰਨ ਇਹੋ ਹੈ ਕਿ ਉਹ ਇਹ ਮੰਨ ਲੈਂਦੇ ਹਨ ਕਿ ਦੇਵੀ ਦੇਵਤੇ ਆਦਿ ਭੀ ਤਾਂ ਪਰਮਾਤਮਾ ਦਾ ਰੂਪ ਹੀ ਹਨ । ਇਉਂ ਬਹੁ-ਦੇਵ ਪੂਜਾ ਹੁਣ ਤਕ ਤੁਰੀ ਆਉਂਦੀ ਹੈ। ਇਸਲਾਮ ਭੀ ਹੌਲੀ ਹੌਲੀ ਰੱਬ ਜਾਂ ਪੈਗੰਬਰ ਤੋਂ ਕੁਝ ਮੰਗਣ ਦੀ ਬਜਾਏ, ਪੀਰਾਂ ਫਕੀਰਾਂ ਦੀਆਂ ਮਜ਼ਾਰਾਂ ਦੀ ਪੂਜਾ ਵਲ ਵਧੇਰੇ ਵਧ ਰਿਹਾ ਹੈ—

ਕੋਊ ਬੁਤਾਨ ਕੋ ਪੂਜਤ ਹੈ ਪਸੁ, ਕੋਊ ਮ੍ਰਿਤਾਨ ਕੋ ਪੂਜਨ ਧਾਇਓ ॥
ਕੂਰ ਕ੍ਰਿਆ ਉਰਝਿਓ ਸਭ ਹੀ ਜਗ, ਸ੍ਰੀ ਭਗਵਾਨ ਕੋ ਭੇਦੁ ਨ ਪਾਇਓ ॥੧੦॥(ਸਵੱਯੇ ਪਾ: ੧੦)

ਗੁਰਮਤਿ ਸਤਿਗੁਰੂ ਨੂੰ ਪਾਰਬ੍ਰਹਮ ਦਾ ਸਰਗੁਣੀ ਸਰੂਪ ਮੰਨਦੀ ਹੈ। ਮਨੁਖ ਦੀ ਅੰਤਮ ਕਲਿਆਨ ਕਿਸੇ ਦੇਵੀ ਦੇਵਤੇ ਜਾਂ ਪੀਰ ਫ਼ਕੀਰ ਨੇ ਨਹੀਂ ਕਰਨੀ, ਜਦੋਂ ਭੀ ਕਲਿਆਣ ਹੋਣੀ ਹੈ ਉਹ ਸਤਿਗੁਰੂ ਦੇ ਦਰ ਤੇ ਆ ਕੇ ਹੋਣੀ ਹੈ। ਅਨੇਕ ਜੂਨੀ ਭਰਮਿ ਆਵੈ, ਵਿਣੁ ਸਤਿਗੁਰ ਮੁਕਤਿ ਨ ਪਾਏ ॥
ਫਿਰਿ ਮੁਕਤਿ ਪਾਏ ਲਾਗਿ ਚਰਣੀ, ਸਤਿਗੁਰੂ ਸਬਦੁ ਸੁਣਾਏ ॥
ਕਹੈ ਨਾਨਕੁ ਵੀਚਾਰਿ ਦੇਖਹੁ, ਵਿਣੁ ਸਤਿਗੁਰ ਮੁਕਤਿ ਨ ਪਾਏ ॥੨੨॥
(ਰਾਮਕਲੀ ਮ: ੩ ਅਨੰਦੁ, ਪੰਨਾ ੯੨੦)

ਸ੍ਰੀ ਗੁਰੂ ਰਾਮਦਾਸ ਜੀ ਦੇ ਅਨਮੋਲ ਬਚਨ ਹਨ :—

ਮੇਰੇ ਰਾਮ ਹਮ ਬਾਰਿਕ ਹਰਿ ਪ੍ਰਭ ਕੇ ਹੈ ਇਆਣੇ ॥
ਧੰਨੁ ਧੰਨੁ ਗੁਰੂ ਗੁਰੁ ਸਤਿਗੁਰੁ ਪਾਧਾ, ਜਿਨਿ ਹਰਿ ਉਪਦੇਸੁ ਦੇ ਕੀਏ ਸਿਆਣੇ ॥੧॥ਰਹਾਉ॥
(ਗਉੜੀ ਬੈਰਾਗਣਿ ਮ: ੪, ਪੰਨਾ ੧੬੮)

ਹਿੰਦੂ ਧਰਮ-ਪਰੰਪਰਾ ਦੇ ਇਤਿਹਾਸ ਵਿਚ ਇਹ ਤਾਂ ਹੁਣ ਵੀ ਆਮ ਵੇਖਣ ਵਿਚ ਆਉਂਦਾ ਹੈ ਕਿ ਕਿਵੇਂ ਅਨਗਿਣਤ ਬ੍ਰਾਹਮਣ ਪੁਜਾਰੀ ਅਜ ਵੀ ਕਿਸੇ ਦੇ ਗ੍ਰਿਹ ਨਿਵਾਰਨ ਲਈ ਮੰਤ੍ਰ ਪਾਠ ਕਰ ਰਿਹਾ ਹੈ। ਇਹ ਵੀ ਮਿਥਿਹਾਸ ਵਿਚ ਆਮ ਮਿਲਦਾ ਹੈ ਕਿ ਬੜੇ ਬੜੇ ਸਿੱਧ ਜੋਗੀ, ਰਿਖੀ ਮੁਨੀ, ਤਪੇ ਤਪੀਸਰ ਹਰ ਤਰ੍ਹਾਂ ਦੇ ਵਰ-ਸਰਾਪ ਲੋਕਾਂ ਨੂੰ ਦਿੰਦੇ ਆਏ ਹਨ ਤੇ ਲੋਕੀਂ ਉਨ੍ਹਾਂ ਦੇ ਡੰਗ ਮਾਰਨ ਤੋਂ ਹੁਣ ਵੀ ਤ੍ਰਾਸਦੇ ਹਨ, ਪਰ ਇਹ ਕਿਤੇ ਵੀ ਪੜ੍ਹਨ ਸੁਣਨ ਵਿਚ ਨਹੀਂ ਆਇਆ ਕਿ ਉਨ੍ਹਾਂ ਨੇ ਕਿਸੇ ਨੂੰ ਇਕ ਅਕਾਲ ਪੁਰਖ ਨਾਲ ਮੇਲਣ ਦਾ ਉਪਰਾਲਾ ਕੀਤਾ ਹੋਵੇ। ਅਜਿਹਾ ਕ੍ਰਿਸ਼ਮਾ ਐਡੇ ਵਡੇ ਪੈਮਾਨੇ ਤੇ ਕਰ ਦਿਖਾਉਣਾ ਕੇਵਲ ਗੁਰੂ ਘਰ ਦੇ ਹਿੱਸੇ ਵਿਚ ਹੀ ਆਇਆ ਹੈ। ਸੋ— ਜਨਮ ਮਰਣ ਦੁਹਹੂ ਮਹਿ ਨਾਹੀ, ਜਨ 'ਪਰਉਪਕਾਰੀ ਆਏ ॥
ਜੀਅ ਦਾਨੁ ਦੇ ਭਗਤੀ ਲਾਇਨਿ, ਹਰਿ ਸਿਉ ਲੈਨਿ ਮਿਲਾਏ ॥੨॥੫੪॥
—ਸੂਹੀ ਮ: ੫, ਪੰਨਾ ੭੪੯


## 'ਸੂਰਾ' ਵਲੋਂ ਗੁਰਮਤਿ ਪਰਚਾਰ ਲਈ ਟ੍ਰੈਕਟ ਤੇ ਪੁਸਤਕਾਂ

| | |
|---|---|
| ਪੂਰਬ ਜਨਮ ਕੇ ਮਿਲੇ ਸੰਜੋਗੀ(ਪ੍ਰੋ: ਠਾਕਰ ਸਿੰਘ) | ੪-੦੦ |
| ਭਾ:ਸਾ:ਰਣਧੀਰ ਸਿੰਘ ਸ਼ਤਾਬਦੀ ਅੰਕ(ਸਚਿਤ੍ਰ) | ੨-੫੦ |
| ਰਹਿਤ ਮਰਯਾਦਾ ਅੰਕ | ੨-੦੦ |
| ਗੁਰਸਿਖ ਰਹਿਣੀ (ਪ੍ਰੋ: ਅਮਰਜੀਤ ਕੌਰ) | ੦-੮੦ |
| ਤਉ ਕਿਉ ਮੁਰਗੀ ਮਾਰੈ (ਤਲਵਾੜਾ ਜੀ) | —— |
| HAIR—A Divine Gift | 0-40 |
| Dawn of Divine Wisdom | 0-75 |
| ਪੂਰਬ ਜਨਮ ਕੇ ਮਿਲੇ ਸੰਜੋਗੀ ਜਿਲਦ ਕਪੜਾ | ੭-੦੦ |
| ਖਾਲਸਾ ਰਹਿਤ ਕੇਸਕੀ (ਦਸਤਾਰ) | ੧-੦੦ |
| ਗੁਰਬਾਣੀ ਦੀ ਪਾਰਸ ਕਲਾ (ਭਾ: ਸਾਹਿਬ ਕ੍ਰਿਤ) | ੦-੭੦ |
| ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ ,, | ੦-੪੦ |
| ਕੀ ਕੇਸ ਰਖਣੇ ਜ਼ਰੂਰੀ ਹਨ ,, | ੦-੫੦ |
| ਗੁਰੁ ਮੇਰੈ ਸੰਗਿ ਸਦਾ ਹੈ ਨਾਲੇ ,, | ੦-੫੦ |
| ਗੁਰਮਤਿ ਅਨਹਦ ਸ਼ਬਦ ,, | ੦-੪੫ |
| ਲੜੀਦਾਰ ਸਰੂਪ—ਸ੍ਰੀ ਗੁਰੂ ਗ੍ਰੰਥ ਸਾਹਿਬ ਬਾਰੇ ਟ੍ਰੈਕਟ ਵਲੋਂ ਭਾਈ ਰਾਮ ਸਿੰਘ ਜੀ ,, | ੦-੭੫ |





www.AKJ.Org

# ਕਬੀਰ ਜੋਰੁ ਕੀਆ ਸੋ ਜੁਲਮ ਹੈ ਲੇਇ ਜਬਾਬੁ ਖੁਦਾਇ

ਭਗਤ ਕਬੀਰ ਜੀ ਦੇ ਇਸ ਕਥਨ ਤੇ ਕੋਈ ਕਿੰਤੂ ਨਹੀਂ ਕਰ ਸਕਦਾ ਕਿ ਕਿਸੇ ਨਾਲ ਵੀ ਜ਼ਬਰਦਸਤੀ ਕਰਨਾ, ਧੱਕਾ ਕਰਨਾ, ਜ਼ੋਰ ਕਰਨਾ ਸਹੀ ਤੋਰ ਤੇ ਜ਼ੁਲਮ ਹੈ। ਜ਼ੋਰ-ਜ਼ੁਲਮ ਨੂੰ ਕਿਸੇ ਸੂਰਤ ਵਿਚ ਵੀ ਨਿਆਂ ਜਾਂ ਇਨਸਾਫ਼ ਨਹੀਂ ਕਿਹਾ ਜਾ ਸਕਦਾ।

ਮਜ਼ਲੂਮਾਂ ਤੇ ਜ਼ੋਰ-ਜ਼ੁਲਮ ਕਰਨ ਵਾਲਿਆਂ ਨੂੰ, ਆਪਣੇ ਕੀਤੇ ਜ਼ੁਲਮਾਂ ਬਦਲੇ ਲੇਖਾ ਦੇਣਾ ਪੈਂਦਾ ਹੈ। ਉਹ ਕਿਸੇ ਸੂਰਤ ਵਿਚ ਵੀ ਆਪਣੀ ਕੀਤੀ ਦਾ ਫਲ ਭੁਗਤਣ ਤੋਂ ਬਚ ਨਹੀਂ ਸਕਦੇ। ਅਨੇਕਾਂ ਜ਼ੁਲਮ ਕਰਨ ਵਾਲੇ ਪਾਪੀਆਂ ਨੂੰ ਤਾਂ ਇਸੇ ਲੋਕ ਵਿਚ ਹੀ ਕੀਤੀਆਂ ਕਰਤੂਤਾਂ ਦੇ ਫਲ ਚਖਣੇ ਪਏ ਅਤੇ ਉਹ ਬੁਰੀ ਤਰ੍ਹਾਂ ਖਜਲ ਖੁਆਰ ਹੋ ਕੇ ਮਰੇ। ਕਾਲਖ ਦਾ ਟਿੱਕਾ ਰਹਿੰਦੀ ਦੁਨੀਆ ਤਕ ਉਨ੍ਹਾਂ ਨੂੰ ਲਗਾ ਹੀ ਰਹਿੰਦਾ ਹੈ। ਜੇ ਕੋਈ ਇਸ ਦੁਨੀਆ ਵਿਚ ਦੂਜਿਆਂ ਤੇ ਜ਼ੁਲਮ ਕਮਾਂਦਾ ਹੋਇਆ ਬਚ ਨਿਕਲਦਾ ਹੈ ਤਾਂ ਅਸੀਂ ਇਹ ਮਤ ਸਮਝੀਏ ਕਿ ਉਸ ਨੂੰ ਜ਼ੁਲਮ ਫਲੀਭੂਤ ਹੋ ਗਏ ਹਨ। ਮਨੁਖਾਂ ਦੀਆਂ ਕਚਹਿਰੀਆਂ ਵਿਚੋਂ ਤਾਂ ਕੋਈ ਬਚ ਸਕਦਾ ਹੈ, ਪਰ ਉਸ ਅੰਤਰਜਾਮੀ, ਘਟ ਘਟ ਦੇ ਜਾਨਣਹਾਰ ਪ੍ਰਭੂ ਦੇ ਇਨਸਾਫ਼ ਤੋਂ ਕੋਈ ਕਿਵੇਂ ਭਜ ਸਕਦਾ ਹੈ। ਸ੍ਰੀ ਗੁਰੂ ਰਾਮਦਾਸ ਜੀ ਵਡਹੰਸ ਦੀ ਵਾਰ ਦੀ ੧੪ਵੀਂ ਪਉੜੀ ਵਿਚ ਸਪਸ਼ਟ ਕਰਦੇ ਹਨ—

ਮਾਣਸਾ ਕਿਅਹੁ ਦੀਬਾਣਹੁ ਕੋਈ ਨਸਿ ਭਜਿ ਨਿਕਲੈ
ਹਰਿ ਦੀਬਾਣਹੁ ਕੋਈ ਕਿਥੈ ਜਾਇਆ ॥ (ਪੰਨਾ ੫੯੧)

ਆਪਣੇ ਜ਼ੋਰ-ਜ਼ੁਲਮ ਨੂੰ ਲੁਕਾਣ ਲਈ ਜੇ ਕੋਈ ਬਾਹਰਮੁਖੀ ਧਾਰਮਿਕ ਰਹੁ-ਰੀਤੀ ਜਾਂ ਸ਼ਰਾ-ਸ਼ਰੀਅਤ ਵਿਚ ਪੱਕਾ ਹੋਣ ਦਾ ਬੁਰਕਾ ਪਾ ਲਵੇ ਜਾਂ ਸਮਾਜਿਕ, ਭਾਈਚਾਰਕ ਅਥਵਾ ਸਭਿਆਚਾਰਕ ਗੁਣਾਂ ਦਾ ਧਾਰਨੀ ਹੋਣ ਦਾ ਢੋਲ ਵਜਾਂਦਾ ਫਿਰੇ ਅਤੇ ਇਉਂ ਆਪਣੇ ਹਮਜੋਲੀਆਂ ਵਿਚ ਕੀਤੇ ਗੁਨਾਹਾਂ ਨੂੰ ਸਵਾਬ ਬਣਾ ਕੇ ਵਿਖਾ ਦੇਵੇ ਤਾਂ ਵੀ ਛਾਤੀ ਦੇ ਜ਼ੋਰ ਨਾਲ ਕੀਤੇ ਕਮਾਏ ਜ਼ੁਲਮ ਕਦੇ ਵੀ ਸਲਾਹੁਣ ਯੋਗ ਨਹੀਂ ਹੋ ਸਕਦੇ। ਜ਼ੁਲਮ ਨੇ ਜ਼ੁਲਮ ਹੀ ਰਹਿਣਾ ਹੈ।

ਔਰੰਗਜ਼ੇਬ ਮੁਸਲਮਾਨਾਂ ਵਿਚ ਇਕ ਪਰਹੇਜ਼ਗਾਰ ਮੁਸਲਮਾਨ ਸਦਾਉਣ ਲਈ ਆਪਣੇ ਆਪ ਵਿਚ ਬੜਾ ਭਾਰੀ ਸ਼ਰਾ-ਸ਼ਰੀਅਤ ਦਾ ਧਾਰਨੀ ਸੀ। ਪੰਜੇ ਨਿਮਾਜ਼ਾਂ ਪੜ੍ਹਨੀਆਂ, ਰੋਜ਼ੇ ਰਖਣੇ ਅਤੇ ਕੁਰਾਨ ਸ਼ਰੀਫ਼ ਹੱਥੀਂ ਲਿਖਣ ਤਕ ਦਾ ਧਾਰਮਿਕ ਢੋਂਗ ਉਸ ਨੇ ਅਖ਼ਤਿਆਰ ਕੀਤਾ ਹੋਇਆ ਸੀ। ਪਰ ਕੀ ਇਨ੍ਹਾਂ ਬਾਹਰਲੇ ਧਾਰਮਿਕ ਕਰਮ ਧਰਮ ਤੇ ਰਹੁ-ਰੀਤਾਂ ਧਾਰਨ ਕਰਨ ਨਾਲ ਉਹ ਨੇਕ ਮਨੁਖ ਹੋ ਸਕਦਾ ਹੈ? ਕੀ ਉਹ ਇਤਿਹਾਸ ਵਿਚ ਸਤਿਕਾਰਿਆ ਜਾ ਸਕਦਾ ਹੈ? ਅਤੇ ਕੀ ਉਹ ਰੱਬ ਦੀ ਦਰਗਾਹ ਵਿਚ ਕਬੂਲ ਪੈ ਸਕਦਾ ਹੈ? ਜਦ ਕਿ ਉਸ ਦੇ ਕਾਰਨਾਮੇ ਇਤਿਹਾਸ ਵਿਚ ਉਜਾਗਰ ਹਨ ਕਿ ਕਿਵੇਂ ਉਸ ਨੇ ਰਾਜ-ਗੱਦੀ ਪ੍ਰਾਪਤ ਕਰਨ ਲਈ ਆਪਣੇ ਬਾਪ ਨੂੰ ਕਈ ਸਾਲ ਕੈਦ ਵਿਚ ਭੁਖਾ ਤਿਹਾਇਆ ਰਖ ਕੇ ਖ਼ਤਮ ਕੀਤਾ, ਆਪਣੇ ਸੱਕੇ ਭਰਾਵਾਂ ਨੂੰ ਧੋਖੇ ਫ਼ਰੇਬ ਅਤੇ ਫ਼ੌਜ-ਕਸ਼ੀ ਕਰ ਕੇ ਮਰਵਾਇਆ? ਰਾਜ-ਗੱਦੀ ਪ੍ਰਾਪਤ ਕਰ ਕੇ ਹਿੰਦੂ-ਰਾਜ ਨੂੰ ਮੁੜ ਕਦੇ ਵੀ ਹੋਂਦ ਵਿਚ ਨਾ ਆ ਸਕਣ ਵਾਸਤੇ ਉਸ ਨੇ ਹਿੰਦੂਆਂ ਦੀ ਜੜ੍ਹ-ਮੇਖ਼ ਖ਼ਤਮ ਕਰਨ ਦਾ ਤਹੱਈਆ ਕਰ ਲਿਆ। ਹਜ਼ਾਰਾਂ ਮੰਦਰਾਂ ਤੇ ਧਰਮ-ਅਸਥਾਨਾਂ ਨੂੰ ਡੇਗ ਕੇ ਮਸਜਿਦਾਂ ਉਸਾਰੀਆਂ ਅਤੇ ਕਸ਼ਮੀਰ ਦੇ ਹਜ਼ਾਰਾਂ ਪੰਡਤਾਂ ਤੇ ਭਾਰਤ ਦੇ ਲੱਖਾਂ ਹਿੰਦੂਆਂ ਦਾ ਕਤਲ ਕਰਾਇਆ ਜਾਂ ਜ਼ਬਰਦਸਤੀ ਮੁਸਲਮਾਨ ਬਣਾਇਆ। ਔਰੰਗਜ਼ੇਬ ਆਪਣੀਆਂ ਅਜਿਹੀਆਂ ਕਰਤੂਤਾਂ ਕਰਕੇ ਸਦਾ ਦੁਨੀਆ ਦੇ ਸਾਹਮਣੇ ਪਾਪੀ, ਗੁਨਾਹਗਾਰ ਅਤੇ ਜ਼ਾਲਮ ਹੀ ਗਰਦਾਨਿਆ ਜਾਇਗਾ। ਇਤਿਹਾਸ ਕਿਸੇ ਦੇ ਗੁਨਾਹਾਂ ਨੂੰ ਮਾਫ਼ ਨਹੀਂ ਕਰ ਸਕਦਾ।

ਜ਼ੋਰ-ਜ਼ੁਲਮ ਨਾਲ ਕਿਸੇ ਦੇ ਦਿਲ ਨੂੰ ਜਿਤਿਆ ਨਹੀਂ ਜਾ ਸਕਦਾ। ਪਰ ਇਸ ਦੇ ਉਲਟ ਪ੍ਰੇਮ-ਪਿਆਰ



www.AKJ.Org

ਅਤੇ ਹਰੇਕ ਨਾਲ ਹਮਦਰਦੀ ਰਖਣ ਵਾਲਾ, ਦੂਜਿਆਂ ਦੇ ਧਾਰਮਿਕ, ਸਭਿਆਚਾਰਕ, ਭਾਈਚਾਰਕ ਜਜ਼ਬਾਤ ਦਾ ਸਤਿਕਾਰ ਕਰਨ ਵਾਲਾ ਹਰ ਕਿਸੇ ਦੇ ਹਿਰਦੇ ਨੂੰ ਜਿਤ ਸਕਦਾ ਹੈ। ਮਹਾਰਾਜਾ ਰਣਜੀਤ ਸਿੰਘ ਦਾ ਰਾਜ ਭਾਵੇਂ "ਖਾਲਸਾ ਰਾਜ" ਸਦਵਾਉਂਦਾ ਸੀ, ਪਰ ਸਹੀ ਅਰਥਾਂ ਵਿਚ ਉਹ ਸਮੁਚੇ ਪੰਜਾਬੀਆਂ ਦਾ, ਬਿਨਾਂ ਕਿਸੇ ਵਿਤਕਰੇ ਦੇ, ਆਪਣਾ ਸਾਂਝਾ ਰਾਜ ਸੀ। ਮਹਾਰਾਜੇ ਦੇ ਰਾਜ ਵਿਚ ਕਿਸੇ ਦੇ ਧਰਮ ਨੂੰ ਜ਼ਲੀਲ ਨਹੀਂ ਸੀ ਕੀਤਾ ਜਾਂਦਾ, ਸਗੋਂ ਗੁਰਦੁਆਰੇ ਤੇ ਮੰਦਰ, ਮਸਜਿਦ ਤੇ ਗਿਰਜੇ, ਸਭ ਦਾ ਪੂਰਾ ਪੂਰਾ ਸਤਿਕਾਰ ਰਖਿਆ ਜਾਂਦਾ ਸੀ। ਮਹਾਰਾਜੇ ਨੇ ਜਿਥੇ ਗੁਰਦਵਾਰਿਆਂ ਦੀਆਂ ਇਮਾਰਤਾਂ ਲਈ ਸੰਗਮਰਮਰ, ਸੋਨਾ ਤੇ ਜਗੀਰਾਂ ਦਾਨ ਕੀਤੀਆਂ ਉਥੇ ਮੰਦਰਾਂ ਤੇ ਮਸਜਿਦਾਂ ਲਈ ਵੀ ਉਹ ਰਜ ਕੇ ਸਹਾਇਤਾ ਦੇਂਦਾ ਰਿਹਾ। ਮਹਾਰਾਜੇ ਦੇ ਰਾਜ ਵਿਚ ਕਿਸੇ ਇਕ ਨੂੰ ਵੀ ਮੌਤ ਦੀ ਸਜ਼ਾ ਨਹੀਂ ਦਿਤੀ ਗਈ। ਉਸ ਦੀ ਵਜ਼ਾਰਤ ਵਿਚ ਗ੍ਰਹਿ ਤੇ ਬਦੇਸ਼ ਮੰਤਰੀ ਦੋਵੇਂ ਮੁਸਲਮਾਨ ਸਨ, ਤੋਪਖ਼ਾਨੇ ਦਾ ਜਰਨੈਲ ਮੁਸਲਮਾਨ ਅਤੇ ਵੱਡਾ ਡਾਕਟਰ ਇਕ ਫ਼ਰੰਗੀ ਸੀ। ਉਸ ਦੀਆਂ ਫ਼ੌਜਾਂ ਵਿਚ ਫ਼ਰੰਗੀ ਜਰਨੈਲ, ਕਈ ਹਿੰਦੂ ਜਰਨੈਲ, ਅਤੇ ਫਿਰ ਪ੍ਰਧਾਨ ਮੰਤਰੀ ਡੋਗਰਾ ਜਰਨੈਲ; ਭਾਵੇਂ ਇਹ ਡੋਗਰੇ-ਭਰਾ, ਪਿਛੋਂ ਅਕ੍ਰਿਤਘਣ ਹੀ ਸਾਬਤ ਹੋਏ ਅਤੇ ਪੂਰੀ ਤਰ੍ਹਾਂ ਗ਼ਦਾਰੀ ਕਰ ਕੇ ਸਿਖ ਰਾਜ ਦੀ ਬਰਬਾਦੀ ਦਾ ਕਾਰਨ ਬਣੇ।

ਦੁਨੀਆ ਦੇ ਇਤਿਹਾਸ ਵਿਚ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਰੌਸ਼ਨ-ਮੁਨਾਰੇ ਵਾਂਗ ਚਮਕਦਾ ਰਹੇਗਾ। ਉਸ ਦਾ ਸਭ ਕੌਮਾਂ ਨਾਲ ਇਕੋ ਜਿਹਾ ਪੂਰਾ ਪੂਰਾ ਇਨਸਾਫ਼ ਦੁਨੀਆ ਭੁਲ ਨਹੀਂ ਸਕਦੀ। ਉਸ ਦੇ ਸੁਲਝੇ ਹੋਏ ਨਮੂਨੇ ਦੇ ਰਾਜ-ਪਰਬੰਧ ਨੂੰ ਪੜ੍ਹ ਸੁਣ ਕੇ ਹਿੰਦੂਆਂ, ਮੁਸਲਮਾਨਾਂ ਤੇ ਅੰਗਰੇਜ਼ ਇਤਿਹਾਸਕਾਰਾਂ ਦੀਆਂ ਅੱਖਾਂ ਚੁੰਧਿਆ ਜਾਂਦੀਆਂ ਹਨ। ਉਸ ਦੇ ਰਾਜ ਵਿਚ ਹਰੇਕ ਕੌਮ ਤੇ ਮਨੁਖ ਮਾਤਰ ਨਾਲ ਆਦਰ-ਸਤਿਕਾਰ ਤੇ ਪਿਆਰ ਵਾਲਾ ਵਰਤਾਉ ਦੁਨੀਆ ਨੂੰ ਹੈਰਾਨ ਕਰੀ ਜਾਂਦਾ ਹੈ।

ਸਿੱਟੇ ਦੀ ਗੱਲ ਇਹੋ ਹੈ ਕਿ ਕਿਸੇ ਦੇ ਹਿਰਦੇ ਨੂੰ ਪ੍ਰੇਮ-ਪਿਆਰ ਨਾਲ ਅਤੇ ਉਸ ਦੇ ਜਜ਼ਬਾਤ ਦਾ ਸਤਿਕਾਰ ਰਖ ਕੇ ਹੀ ਜਿਤਿਆ ਜਾ ਸਕਦਾ ਹੈ। ਆਖ਼ਰੀ ਫ਼ਤਹ ਪ੍ਰੇਮ-ਪਿਆਰ ਨਾਲ ਹੀ ਹੋਣੀ ਹੈ, ਜ਼ੋਰ-ਜ਼ੁਲਮ ਨਾਲ ਕੋਈ ਵੀ ਮਸਲਾ ਹੱਲ ਨਹੀਂ ਕੀਤਾ ਜਾ ਸਕਦਾ। ਜਨ-ਸਾਧਾਰਨ ਅਤੇ ਮਜ਼ਲੂਮ ਲੋਕੀ ਜ਼ੋਰ-ਜ਼ੁਲਮ ਨਾਲ ਕੁਝ ਚਿਰ ਲਈ ਦਬਾਏ ਤਾਂ ਜਾ ਸਕਦੇ ਹਨ, ਪਰ ਉਨ੍ਹਾਂ ਦੇ ਅੰਦਰਲੇ ਉਬਾਲ ਜਵਾਲਾ-ਮੁਖੀ ਵਾਂਗ ਅੰਦਰੋ ਅੰਦਰ ਖੌਲਦੇ ਰਹਿੰਦੇ ਹਨ ਅਤੇ ਸਮਾਂ ਪਾ ਕੇ ਉਹ ਐਸੇ ਲਾਵਾ ਰੂਪ ਵਿਚ ਪ੍ਰਗਟ ਹੁੰਦੇ ਹਨ ਕਿ ਸਭ ਕਾਸੇ ਨੂੰ ਸਾੜ ਫੂਕ ਕੇ ਸੁਆਹ ਕਰ ਦਿੰਦੇ ਹਨ।

ਇਤਿਹਾਸ ਗਵਾਹ ਹੈ ਕਿ ਬੰਦਾ ਬਹਾਦਰ ਤੇ ਹੋਰ ਅਨੇਕਾਂ ਸ਼ਹੀਦੀਆਂ ਤੋਂ ਬਾਅਦ ਜ਼ੋਰ-ਜ਼ੁਲਮ ਦੀ ਹਨੇਰੀ ਚਲਦੀ ਹੀ ਰਹੀ। ਸਿਖਾਂ ਨੂੰ ਖ਼ਤਮ ਕਰਨ ਲਈ ਖਾਨ ਬਹਾਦਰ ਜ਼ਕਰੀਆ ਖ਼ਾਨ ਨੇ ਗਸ਼ਤੀ ਫ਼ੌਜਾਂ ਭੇਜ ਕੇ ਚੁਣ ਚੁਣ ਕੇ ਉਨ੍ਹਾਂ ਨੂੰ ਮਰਵਾਇਆ, ਉਸ ਨੇ ਸਿਖਾਂ ਤੇ ਬੜੇ ਕਹਿਰ ਤੋੜੇ, ਪਰ ਖਾਲਸਈ ਹੌਸਲੇ ਅਗੇ ਉਸ ਦੀ ਕੋਈ ਪੇਸ਼ ਨਾ ਗਈ। ਸਿਖਾਂ ਨੂੰ ਖ਼ਤਮ ਕਰਦਾ ਕਰਦਾ ਉਹ ਆਪ ਖ਼ਤਮ ਹੋ ਗਿਆ।

ਖਾਨ ਬਹਾਦਰ ਤੋਂ ਪਿਛੋਂ ਉਸ ਦੇ ਪੁਤਰ ਯਾਹੀਆ ਖਾਨ ਨੇ ਬਾਪ ਦੇ ਕਦਮਾਂ ਤੇ ਚਲਦਿਆਂ ਜ਼ੋਰ-ਜ਼ੁਲਮ ਕਰਨ ਵਿਚ ਕੋਈ ਕਸਰ ਨਾ ਛਡੀ ਅਤੇ ਅਖ਼ੀਰ ਸਭ ਪਾਸਿਆਂ ਤੋਂ ਸਿੰਘਾਂ ਨੂੰ ਘੇਰ ਕੇ ਕਾਹਨੂੰਵਾਨ ਲਾਗੇ ਇਕੱਠਾ ਕਰ ਕੇ ਪੂਰੀ ਤਰ੍ਹਾਂ ਖ਼ਤਮ ਕਰਨ ਦਾ ਜਤਨ ਕੀਤਾ। ਇਸ ਸਮੇਂ ਹਜ਼ਾਰਾਂ ਹੀ ਸਿੰਘ ਜ਼ਾਲਮਾਂ ਦਾ ਟਾਕਰਾ ਕਰਦਿਆਂ ਸ਼ਹੀਦੀਆਂ ਪ੍ਰਾਪਤ ਕਰ ਗਏ, ਪਰ ਸਿਖ ਫਿਰ ਵੀ ਨਾ ਮੁਕੇ।

ਇਸੇ ਤਰ੍ਹਾਂ ਅਹਿਮਦ ਸ਼ਾਹ ਅਬਦਾਲੀ ਨੇ ਜ਼ੋਰ-ਜ਼ੁਲਮ ਦਾ ਚੱਕਰ ਚਲਾਇਆ ਅਤੇ ਉਸ ਨੇ ਸਿਖਾਂ ਦਾ ਬੀਜ-ਨਾਸ ਕਰਨ ਲਈ ਤਹੱਈਆ ਕਰ ਲਿਆ। ਉਸ ਨੇ ਸਿੰਘਾਂ ਨੂੰ ਸਭ ਪਾਸਿਆਂ ਤੋਂ ਘੇਰ-ਘਾਰ ਕੇ ਪੰਜ ਫ਼ਰਵਰੀ ੧੭੬੨ ਨੂੰ ਕੁਪ-ਰਹੀੜੇ ਲਾਗੇ ਇਕੱਠਾ ਕਰ ਲਿਆ ਅਤੇ ਪੂਰੀ ਤਰ੍ਹਾਂ ਸਿਖਾਂ ਨੂੰ ਤਬਾਹ ਕਰਨ ਲਈ ਸਾਰੇ ਨਾਕੇ ਰੋਕ ਲਏ। ਸਿੰਘਾਂ ਨੇ ਜਾਨਾਂ ਤਲੀ ਤੇ ਰਖ ਕੇ ਇਥੇ ਖ਼ੂਨ-ਡੋਲ੍ਹਵਾਂ ਟਾਕਰਾ ਕੀਤਾ। ਇਸ ਟਾਕਰੇ ਵਿਚ ਸਿੰਘ ੧੮-੨੦


www.AKJ.Org

ਹਜ਼ਾਰ ਦੇ ਕਰੀਬ ਸ਼ਹੀਦੀਆਂ ਪਾ ਗਏ । ਪਰ ਸਿਖ ਫਿਰ ਵੀ ਖ਼ਤਮ ਨਾ ਹੋ ਸਕੇ ।

ਫਿਰ ਮੀਰ ਮੰਨੂੰ ਨੇ ਸਿਖਾਂ ਦੀ ਅਲਖ਼ ਮੁਕਾਉਣ ਲਈ ਆਪਣੀ ਅੱਡੀ ਚੋਟੀ ਦਾ ਜ਼ੋਰ ਲਾਇਆ ਅਤੇ ਹਜ਼ਾਰਾਂ ਸਿੰਘ, ਸਿੰਘਣੀਆਂ ਤੇ ਬੱਚੇ ਫੜ ਫੜ ਕੇ ਲਾਹੌਰ ਮੰਗਵਾਏ ਜਾਂਦੇ ਅਤੇ ਲਾਹੌਰ ਨਖਾਸ ਦੇ ਚੌਕ ਵਿਚ ਭਾਰੀ ਤਸੀਹੇ ਦੇ ਕੇ ਜ਼ੁਲਮ ਕਮਾਏ ਜਾਂਦੇ ਰਹੇ, ਪਰ ਸਿਖ ਫਿਰ ਵੀ ਡੋਲੇ ਜਾਂ ਘਬਰਾਏ ਨਹੀਂ ਅਤੇ ਚੜ੍ਹਦੀਆਂ ਕਲਾ ਵਿਚ ਪੁਕਾਰਦੇ ਰਹੇ :—

ਮੰਨੂੰ ਸਾਡੀ ਦਾਤਰੀ, ਅਸੀਂ ਮੰਨੂੰ ਦੇ ਸੋਏ ।
ਜਿਉਂ ਜਿਉਂ ਮੰਨੂੰ ਸਾਨੂੰ ਵਢਦਾ, ਅਸੀਂ ਦੂਣੇ ਚੌਣੇ ਹੋਏ ।

ਮੁਗਲ ਰਾਜ ਵਲੋਂ ਏਡੇ ਭਾਰੀ ਜ਼ੁਲਮ ਕਮਾਉਣ ਤੋਂ ਬਾਅਦ, ਉਨ੍ਹਾਂ ਦਾ ਜੋ ਹਸ਼ਰ ਹੋਇਆ, ਉਹ ਦੁਨੀਆ ਦੇ ਸਾਹਮਣੇ ਹੈ । ਉਨ੍ਹਾਂ ਦਾ ਆਪਣਾ ਖੁਰਾ-ਖੋਜ ਮਿਟ ਗਿਆ, ਪਰ ਉਨ੍ਹਾਂ ਦੇ ਜ਼ੁਲਮਾਂ ਦੇ ਕਿੱਸਿਆਂ ਨਾਲ ਇਤਿਹਾਸਾਂ ਦੇ ਵਰਕੇ ਭਰੇ ਪਏ ਹਨ । ਦੂਜੇ ਪਾਸੇ ਮਜ਼ਲੂਮ ਸਿਖ ਆਪਣੇ ਉਚੇ ਸੁਚੇ ਜੀਵਨ ਅਤੇ ਮਨੁਖ ਮਾਤਰ ਨਾਲ ਪ੍ਰੇਮ-ਪਿਆਰ ਦਾ ਵਿਉਹਾਰ ਕਰਨ ਸਦਕਾ ਹਰੇਕ ਵਲੋਂ ਪਿਆਰੇ ਸਤਿਕਾਰੇ ਗਏ ਅਤੇ ਹਲੇਮੀ ਖਾਲਸਾ ਰਾਜ ਦਾ ਨਮੂਨਾ ਪੇਸ਼ ਕਰ ਗਏ ।

ਅਜ ਸਾਨੂੰ ਇਹ ਸੋਚਣ ਦੀ ਲੋੜ ਹੈ ਕਿ ਭਗਤ ਕਬੀਰ ਜੀ ਨੇ ਕਿਸ ਭਾਵ ਨੂੰ ਉਜਾਗਰ ਕਰਨ ਲਈ ਇਹ ਸਲੋਕ ਉਚਾਰਿਆ :

ਕਬੀਰ ਜੋਰੁ ਕੀਆ ਸੋ ਜੁਲਮ ਹੈ, ਲੇਇ ਜਬਾਬੁ ਖੁਦਾਇ ॥
ਦਫਤਰਿ ਲੇਖਾ ਨੀਕਸੈ, ਮਾਰ ਮੁਹੈ ਮੁਹਿ ਖਾਇ ॥੨੦੦॥ (੧੩੭੫)

---

## ਸ: ਸਾਧੂ ਸਿੰਘ 'ਹਮਦਰਦ' ਦਾ ਸਦੀਵੀ ਵਿਛੋੜਾ

ਰੋਜ਼ਾਨਾ 'ਅਜੀਤ' ਦੇ ਰੂਹੇ-ਰਵਾਂ ਸ: ਸਾਧੂ ਸਿੰਘ ਜੀ ਹਮਦਰਦ ਸਹੀ ਅਰਥਾਂ ਵਿਚ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੇ ਹਮਦਰਦ ਸਨ । ਸਿਖ ਕੌਮ ਨੂੰ ਹਰ ਸਮੇਂ ਆਪ ਜੀ ਸੇਧ ਦਿੰਦੇ ਰਹੇ ਅਤੇ ਹਰ ਮੁਸ਼ਕਲ ਸਮੇਂ ਪੰਥ ਦਾ ਸਾਥ ਨਿਭਾਂਦੇ ਰਹੇ । ਸੱਚ ਨੂੰ ਸੱਚ ਕਹਿਣ ਵਿਚ ਆਪ ਕਦੇ ਹਿਚਕਚਾਂਦੇ ਨਹੀਂ ਸਨ । ਸਿਖ ਕੌਮ ਦੇ ਕਾਜ਼ ਨੂੰ 'ਅਜੀਤ' ਰਾਹੀਂ ਸਹੀ ਜਾਣਕਾਰੀ ਦੇ ਕੇ ਆਪ ਜੋ ਰੋਲ ਅਦਾ ਕਰਦੇ ਰਹੇ, ਉਹ ਲਾਜਵਾਬ ਹੈ ।

ਹਮਦਰਦ ਜੀ ਜਿਥੇ ਬੜੇ ਰੁਝੇਵੇਂ ਵਾਲੇ ਵਿਅਕਤੀ ਸਨ ਅਤੇ ਕਈ ਪਹਿਲੂਆਂ ਤੋਂ ਲਿਖਣ ਲਿਖਾਣ ਵਿਚ ਦਿਨੇ-ਰਾਤ ਰੁਝੇ ਰਹਿੰਦੇ ਹਨ, ਉਥੇ ੪ ਤੋਂ ੭ ਜੂਨ ਤਕ ਪੰਜਾਬ ਵਿਚ ਵਰਤੇ ਮਹਾਨ ਸਾਕੇ ਕਾਰਨ ਆਪਣੇ ਉਬਾਲ ਅੰਦਰੇ ਅੰਦਰ ਨੱਪੀ ਬੈਠੇ ਸਨ । ਉਪਰੰਤ ਅਕਾਲ ਤਖ਼ਤ ਸਾਹਿਬ ਦੀ ਕਾਰ ਸੇਵਾ ਪੰਥ ਵਲੋਂ ਕਰਾਏ ਜਾਣ ਦੀ ਥਾਂ ਸਰਕਾਰ ਵਲੋਂ ਨਿਹੰਗ ਮੁਖੀ ਬਾਬਾ ਸੰਤਾ ਸਿੰਘ ਨੂੰ ਸੌਂਪੇ ਜਾਣ ਕਾਰਨ ਜੋ ਪੰਥ ਵਿਚ ਸਖ਼ਤ ਰੋਸ ਦੀ ਲਹਿਰ ਚਲੀ ਹੈ, ਉਸ ਕਾਰਨ ਵੀ ਹਮਦਰਦ ਜੀ ਦਾ ਅੰਦਰਲਾ ਬੇਕਾਬੂ ਹੋ ਰਿਹਾ ਸੀ, ਪਰ ਉਹ ਉਭਾਸਰ ਨਹੀਂ ਸਨ ਸਕਦੇ । ਪ੍ਰਤੀਤ ਹੁੰਦਾ ਹੈ ਕਿ ਇਨ੍ਹਾਂ ਕਾਰਨਾਂ ਦੇ ਦਬਾਉ ਕਰਕੇ ਹੀ ਅਚਨਚੇਤ ੨੯ ਜੁਲਾਈ ਨੂੰ ਸਵੇਰੇ ਆਪ ਦਾ ਦਿਲ ਫ਼ੇਲ੍ਹ ਹੋ ਗਿਆ ਅਤੇ ਕਿਸੇ ਡਾਕਟਰ ਨੂੰ ਵੀ ਨਹੀਂ ਉਡੀਕਿਆ ।

ਸਿਖ ਕੌਮ ਇਸ ਵਕਤ ਡਾਢੇ ਸੰਕਟ ਵਿਚ ਹੈ । ਅਜਿਹੇ ਸਮੇਂ ਕੌਮ ਨੂੰ ਆਪਣੇ 'ਹਮਦਰਦ' ਦੀ ਡਾਢੀ ਲੋੜ ਸੀ, ਜੋ ਹੁਕਮ ਰਜ਼ਾ ਅਨੁਸਾਰ ਵਿਛੋੜਾ ਦੇ ਗਏ ਹਨ । ਗੁਰੂ ਮਹਾਰਾਜ ਬਖਸ਼ਸ਼ ਕਰਨ ਤੇ ਹਮਦਰਦ ਜੀ ਦਾ ਨਾ ਪੂਰਾ ਹੋਣ ਵਾਲਾ ਘਾਟਾ ਸਤਿਗੁਰੂ ਆਪ ਹੀ ਪੂਰਾ ਕਰਨ ।



www.AKJ.Org

# ਅਖੰਡ ਕੀਰਤਨੀ ਜਥਾ

## (ਕੁਝ ਆਸ਼ੇ ਤੇ ਮੰਤਵ)

ਅਖੰਡ ਕੀਰਤਨੀ ਜਥਾ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨੇ ਆਪਣੀ ਕੀਰਤਨ ਦੀ ਭੁਖ ਪੂਰੀ ਕਰਨ ਲਈ ਚਲਾਇਆ। ਉਨ੍ਹਾਂ ਦੇ ਸਾਥੀ ਜੋ ਪ੍ਰਭੂ ਪ੍ਰੇਮ ਅਤੇ ਬਾਣੀ ਦੇ ਕੀਰਤਨ ਲਈ ਇਕੱਠੇ ਹੁੰਦੇ ਸਨ, ਉਨ੍ਹਾਂ ਦੇ ਛੋਟੇ ਜਿਹੇ ਜਥੇ ਦਾ ਨਾਮ ਅਖੰਡ ਕੀਰਤਨੀ ਜਥਾ ਪਿਆ। ਇਹ ਸਿਰਫ ਨਿਰੋਲ ਨਾਮ ਰਸੀਏ, ਪਰਉਪਕਾਰੀ, ਕਿਰਤ ਕਰਕੇ ਵੰਡ ਕੇ ਛਕਣ ਵਾਲਿਆਂ ਦਾ ਜਥਾ ਸੀ, ਅਤੇ ਅੱਜ ਵੀ ਅਸੂਲ ਉਹੀ ਹਨ, ਸਮੇਂ ਦੇ ਨਾਲ ਨਾਲ ਗਿਣਤੀ ਵਧ ਗਈ ਹੈ, ਸਤਿਗੁਰੂ ਦੇ ਪ੍ਰੇਮੀ ਕੀਰਤਨ ਸੁਣ ਸੁਣ ਕੇ ਨਾਲ ਰਲਦੇ ਗਏ। ਇਸ ਜਥੇ ਦੀ ਕੋਈ ਮੈਂਬਰਸ਼ਿਪ ਨਹੀਂ, ਕੋਈ ਚੰਦਾ ਨਹੀਂ। ਕੀਰਤਨ, ਅਖੰਡ ਪਾਠ ਤੇ ਅੰਮ੍ਰਿਤ ਪ੍ਰਚਾਰ ਹੁੰਦੇ ਹਨ। ਪੁਲੀਟੀਕਲ ਲੈਕਚਰ, ਕਿਸੇ ਕਿਸਮ ਦਾ ਬਾਣੀ ਤੋਂ ਬਗੈਰ ਪ੍ਰਚਾਰ, ਇਥੋਂ ਤਕ ਕਿ ਕਥਾ ਵੀ ਨਹੀਂ ਕੀਤੀ ਜਾਂਦੀ। ਸੋ ਜਿਸ ਜਥੇ ਦੇ ਕਿਸੇ ਵੀ ਇਕੱਠ ਵਿਚ ਕੀਰਤਨ, ਉਪ੍ਰੰਤ ਅਰਦਾਸ ਤੇ ਸਮਾਪਤੀ ਤੋਂ ਇਲਾਵਾ ਕਿਸੇ ਨੂੰ ਕੁਝ ਕਹਿਣ ਦੀ ਆਗਿਆ ਹੀ ਨਹੀਂ, ਉਹ ਕਿਸੇ ਵਿਅਕਤੀ ਨੂੰ ਗੁਰੂ ਘਰ ਤੋਂ ਇਲਾਵਾ ਹੋਰ ਕੀ ਪ੍ਰੋਗਰਾਮ ਦੇਵੇਗਾ ਤੇ ਕਿਵੇਂ ਕਿਸੇ ਹੋਰ ਰਾਹ ਤੇ ਤੋਰੇਗਾ।

ਅੰਮ੍ਰਿਤ ਪ੍ਰਚਾਰ ਵੇਲੇ ਅੰਮ੍ਰਿਤ ਛਕਣ ਵਾਲੇ ਪ੍ਰਾਣੀ ਹਾਜ਼ਰ ਹੁੰਦੇ ਹਨ। ਉਸ ਦੀ ਗੁਰੂ ਘਰ ਦੀ ਸ਼ਰਧਾ ਦੇ ਪਿਆਰ ਨੂੰ ਦੇਖ ਕੇ ਉਸ ਨੂੰ ਅੰਮ੍ਰਿਤ ਹੀ ਛਕਾਇਆ ਜਾਂਦਾ ਹੈ। ਉਸ ਦਾ ਐਡਰੈਸ, ਅੱਗਾ ਪਿਛਾ ਕੁਝ ਨਹੀਂ ਪੁਛਿਆ ਜਾਂਦਾ। ਉਸ ਨੂੰ ਇਹ ਵੀ ਨਹੀਂ ਪ੍ਰੇਰਿਆ ਜਾਂਦਾ ਕਿ ਤੂੰ ਹੁਣ ਤੋਂ ਸਿਰਫ ਸਾਡੇ ਪਾਸ ਹੀ ਕੀਰਤਨ ਸੁਣਨ ਆਈਂ। ਹਰ ਇਕ ਨੂੰ ਖੁਲ੍ਹ ਹੈ ਕਿ ਉਹ ਕਿਤੇ ਵੀ ਸਤਸੰਗਤ ਕਰੇ, ਕਿਰਤ ਕਰੇ, ਆਪਣੀ ਮਰਜ਼ੀ ਅਨੁਸਾਰ ਜੀਵਨ ਬਤੀਤ ਕਰੇ। ਅਖੰਡ ਕੀਰਤਨੀ ਜਥੇ ਦੇ ਜਿਤਨੇ ਕੁ ਸਿੰਘ ਸਿੰਘਣੀਆਂ ਕਿਸੇ ਭੀ ਸ਼ਹਿਰ ਕੀਰਤਨ ਲਈ ਇਕੱਤਰ ਹੁੰਦੇ ਹਨ ਉਨ੍ਹਾਂ ਦੀ ਸਾਂਝ ਸਿਰਫ ਕੀਰਤਨ, ਨਾਮ, ਬਾਣੀ ਤਕ ਹੀ ਸੀਮਤ ਹੈ, ਕਿਸੇ ਦੀ ਪ੍ਰਾਈਵੇਟ ਜ਼ਿੰਦਗੀ ਉਪਰ ਜਥੇ ਦਾ ਕੋਈ ਅਧਿਕਾਰ ਨਹੀਂ। ਸੋ ਜੇ ਕੋਈ ਪ੍ਰਾਣੀ 'ਜਥੇ ਪਾਸੋਂ' ਅੰਮ੍ਰਿਤ ਛਕ ਕੇ ਕਿਸੇ ਹੋਰ ਸੰਸਥਾ ਨਾਲ, ਪੁਲੀਟੀਕਲ ਪਾਰਟੀ ਨਾਲ ਜਾਂ ਇਕੱਲੇ ਤੌਰ ਤੇ ਕੋਈ ਵੀ ਕੰਮ ਕਰਦਾ ਹੈ, ਉਹ ਉਸ ਦੀ ਆਪਣੀ ਨਿਜੀ ਜ਼ੁਮੇਵਾਰੀ ਹੈ, ਅਖੰਡ ਕੀਰਤਨੀ ਜਥਾ, ਜਥੇ ਦੇ ਤੌਰ ਤੇ ਉਸ ਦੀ ਕਰਨੀ ਲਈ ਜ਼ੁਮੇਵਾਰ ਨਹੀਂ ਹੈ।

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨੇ ਮੁਲਕ ਦੀ ਅਜ਼ਾਦੀ ਦੇ ਸੰਘਰਸ਼ ਵਿਚ ਜੋ ਮਹਾਨ ਹਿੱਸਾ ਪਾਇਆ, ਉਹ ਕਿਸੇ ਤੋਂ ਛੁਪਿਆ ਨਹੀਂ। ਜੇ ਅੱਜ ਸੂਕਾਰ ਇਸ ਤੋਂ ਜਾਣ ਕੇ ਅੱਖਾਂ ਮੀਟ ਲਏ ਤਾਂ ਵਖਰੀ ਗੱਲ ਹੈ। ਉਨ੍ਹਾਂ ਸੋਲ੍ਹਾਂ ਸਾਲ ਦੀ ਕਰੜੀ, ਤਸੀਹਿਆਂ ਭਰਪੂਰ ਅੰਗਰੇਜ਼ ਦੀ ਕੈਦ ਕਟੀ, ਅਜ਼ਾਦੀ ਦੀ ਲੜਾਈ ਲੜੀ। ਇਹ ਦੇਸ਼ ਭਗਤੀ ਦੀ ਹੁਬ ਵੀ ਧਰਮੀ ਜੀਵਨ ਵਿਚੋਂ ਪੈਦਾ ਹੋਈ ਤੇ ਫਿਰ ਡੋਲੀ ਨਹੀਂ। ਉਹ ਉੱਤਮ ਦਰਜੇ ਦੇ ਦੇਸ਼ ਭਗਤ ਸਨ, ਪਰ ਪਹਿਲੋਂ ਰਹਿਤ ਰਹਿਣੀ ਵਿਚ ਪੱਕੇ ਗੁਰਸਿੱਖ ਸਨ। ਜਥਾ ਉਨ੍ਹਾਂ ਹੀ ਪੂਰਨਿਆਂ ਤੇ ਚੱਲ ਰਿਹਾ ਹੈ, ਬਦਲਿਆ ਨਹੀਂ। ਭਾਈ ਸਾਹਿਬ ਨੇ ਜਾਇਦਾਦ ਕੁਰਕ ਕਰਾਈ, ਕਈ ਵਰ੍ਹੇ ਮਗਰੋਂ ਭਾਰਤ ਸੂਕਾਰ ਨੇ ਵੀ ਨਾ ਛੱਡੀ, ਉਨ੍ਹਾਂ ਉਸ ਲਈ ਵੀ ਨਾ ਕਿਹਾ। ਕੋਈ ਪੈਨਸ਼ਨ ਜਾਂ ਸਨਮਾਨ ਨਹੀਂ ਲਿਆ, ਜੋ ਕੀਤਾ, ਕਰਕੇ ਭੁਲਾ ਦਿਤਾ।

ਅੱਜ ਵੀ ਇਹ ਜਥਾ ਕੋਈ ਪੁਲੀਟੀਕਲ ਚੌਧਰ, ਵਡਿਆਈ, ਵਜ਼ੀਰੀਆਂ, ਟਿਕਟਾਂ ਨਹੀਂ ਮੰਗਦਾ। ਧਰਮ ਦੀ ਕਿਰਤ ਕਰਕੇ ਵੰਡ ਛਕਣਾ ਤੇ ਧਰਮੀ ਜੀਵਨ ਜੀਣਾ ਹੀ ਮੁਖ ਉਦੇਸ਼ ਹੈ। ਜੇ ਕੋਈ ਕੱਲਾ ਦੁਕੱਲਾ ਕਿਸੇ ਹੋਰ ਪਾਸੇ ਚਲਦਾ ਹੈ ਉਹ ਉਸ ਦੀ ਆਪਣੀ ਜ਼ੁੰਮੇਵਾਰੀ ਹੈ।

—ਅਜੀਤ, ੧੯-੭-੮੪



www.AKJ.Org

# ਪੰਥਕ ਖ਼ਬਰਾਂ—ਅਖ਼ਬਾਰਾਂ ਦੀ ਜ਼ਬਾਨੀ

## ਬਾਬਾ ਸੰਤਾ ਸਿੰਘ ਵਲੋਂ ਕਾਰ-ਸੇਵਾ ਸ਼ੁਰੂ ਅਤੇ ਸਿਖ ਸੰਗਤਾਂ ਦਾ ਰੋਸ

ਅੰਮ੍ਰਿਤਸਰ, ੧੭ ਜੁਲਾਈ (ਪੀ. ਪੀ. ਐਸ. ਗਿੱਲ ਅਤੇ ਪ੍ਰਭਜੋਤ ਸਿੰਘ)—ਬੁੱਢਾ ਦਲ ਦੇ ਨਿਹੰਗ ਮੁਖੀ ਸੰਤਾ ਸਿੰਘ ਅਤੇ ਉਨ੍ਹਾਂ ਦੇ ੨੫੦ ਸੇਵਕਾਂ ਨੇ ਅੱਜ ਤੜਕਸਾਰ ਸਖ਼ਤ ਸੁਰੱਖਿਆ ਪ੍ਰਬੰਧਾਂ ਹੇਠ ਦਰਬਾਰ ਸਾਹਿਬ ਕੰਪਲੈਕਸ ਦੀ ਕਾਰ ਸੇਵਾ ਦਾ ਕੰਮ ਸ਼ੁਰੂ ਕਰ ਦਿਤਾ।

ਪਰ ਦੂਜੇ ਪਾਸੇ ਸਿੰਘ ਸਾਹਿਬਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਅਕਾਲੀ ਦਲ ਨੇ ਇਸ ਦਾ ਸਖ਼ਤ ਨੋਟਿਸ ਲਿਆ ਹੈ ਅਤੇ ਕਿਹਾ ਹੈ ਕਿ ਬਾਬਾ ਸੰਤਾ ਸਿੰਘ ਤੇ ਉਨ੍ਹਾਂ ਦੇ ਸੇਵਕਾਂ ਵਲੋਂ ਸ਼ੁਰੂ ਕੀਤੀ ਕਾਰ ਸੇਵਾ "ਸਰਕਾਰ ਸੇਵਾ" ਹੈ।

ਅੱਜ ਸਵੇਰੇ ਨਿਹੰਗ ਸਿੰਘ ਮੋਟਰ ਗੱਡੀਆਂ ਰਾਹੀਂ ਸੁਰੱਖਿਆ ਦਲਾਂ ਦੇ ਪਹਿਰੇ ਹੇਠ ਦਰਬਾਰ ਸਾਹਿਬ ਕੰਪਲੈਕਸ ਪੁੱਜੇ।

ਇਕ ਸਾਂਝੇ ਬਿਆਨ ਵਿਚ ਅਕਾਲੀ ਦਲ ਤੇ ਸ਼੍ਰੋਮਣੀ ਕਮੇਟੀ ਨੇ ਕਿਹਾ ਹੈ ਕਿ ਕੇਂਦਰ ਸਰਕਾਰ ਵਲੋਂ ਦਰਬਾਰ ਸਾਹਿਬ ਕੰਪਲੈਕਸ ਉਤੇ ਇਹ ਦੂਜਾ ਹਮਲਾ ਹੈ ਅਤੇ ਸਿੱਖ ਜਗਤ ਇਸ ਨੂੰ ਬਰਦਾਸ਼ਤ ਨਹੀਂ ਕਰੇਗਾ।

ਉਨ੍ਹਾਂ ਕਿਹਾ ਕਿ ਅੱਜ ਜਦੋਂ ੬ ਵਜੇ ਜਲੰਧਰ ਰੇਡੀਓ ਸਟੇਸ਼ਨ ਰਾਹੀਂ ਦਰਬਾਰ ਸਾਹਿਬ ਤੋਂ ਸ਼ਬਦ ਕੀਰਤਨ ਦਾ ਰੀਲੇਅ ਪ੍ਰੋਗਰਾਮ ਸਮਾਪਤ ਹੋ ਗਿਆ ਤਾਂ ਸ਼੍ਰੋਮਣੀ ਕਮੇਟੀ ਦੇ ਕਿਸੇ ਮੈਂਬਰ ਨੂੰ ਵੀ ਦਰਬਾਰ ਸਾਹਿਬ ਕੰਪਲੈਕਸ ਵਿਚ ਦਾਖਲ ਹੋਣ ਦੀ ਇਜਾਜ਼ਤ ਨਹੀਂ ਦਿਤੀ ਗਈ। ਇਥੋਂ ਤਕ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕਿਰਪਾਲ ਸਿੰਘ ਨੂੰ ਭੀ ਦਾਖਲ ਹੋਣ ਦੀ ਆਗਿਆ ਨਾ ਮਿਲੀ। ਉਨ੍ਹਾਂ ਕਿਹਾ ਕਿ ਜਦੋਂ ਬਾਬਾ ਸੰਤਾ ਸਿੰਘ ਤੇ ਉਨ੍ਹਾਂ ਦੇ ਬੰਦੇ ਅੰਦਰ ਦਾਖਲ ਹੋਏ ਤਾਂ ਸ਼ਬਦ ਕੀਰਤਨ ਸਮਾਪਤ ਹੋ ਗਿਆ ਅਤੇ ਬਾਬਾ ਸੰਤਾ ਸਿੰਘ ਨੇ ਕਾਰ ਸੇਵਾ ਆਰੰਭ ਕਰ ਦਿਤੀ।

ਉਨ੍ਹਾਂ ਦੋਸ਼ ਲਾਇਆ ਕਿ ਬਾਬਾ ਸੰਤਾ ਸਿੰਘ ਕਾਂਗਰਸ (ਆਈ) ਦੇ ਜਾਣੇ ਪਛਾਣੇ ਏਜੰਟ ਹਨ। ਕਰਫਿਊ ਦੌਰਾਨ ਜਿਵੇਂ ਬਾਬਾ ਸੰਤਾ ਸਿੰਘ ਅਤੇ ਉਨ੍ਹਾਂ ਦੇ ਬੰਦਿਆਂ ਨੂੰ ਸੁਰੱਖਿਆ ਦੇ ਪਹਿਰੇ ਹੇਠ ਇਥੇ ਲਿਆਂਦਾ ਗਿਆ, ਉਹ ਇਸ ਗੱਲ ਦਾ ਸਪਸ਼ਟ ਸਬੂਤ ਹੈ ਕਿ ਸਰਕਾਰ ਦਰਬਾਰ ਸਾਹਿਬ ਕੰਪਲੈਕਸ ਤੋਂ ਵਾਪਸ ਨਹੀਂ ਜਾਣਾ ਚਾਹੁੰਦੀ। ਉਨ੍ਹਾਂ ਆਖਿਆ ਕਿ ਸਰਕਾਰੀ ਮਸ਼ੀਨਰੀ ਨਿਹੰਗ ਮੁਖੀ ਦੀ ਪੂਰੀ ਪੂਰੀ ਹਮਾਇਤ ਕਰ ਰਹੀ ਹੈ।......

ਅੱਜ ਸਵੇਰੇ ਕਾਰ ਸੇਵਾ ਸ਼ੁਰੂ ਹੋਣ ਵਲੇ ਨਿਹੰਗ ਮੁਖੀ ਬਾਬਾ ਸੰਤਾ ਸਿੰਘ ਦੇ ਬੰਦਿਆਂ ਨੇ ਦਰਬਾਰ ਸਾਹਿਬ ਦੇ ਗ੍ਰੰਥੀ ਗਿਆਨੀ ਪੂਰਨ ਸਿੰਘ ਅਤੇ ਕੁਝ ਹੋਰ ਬੰਦਿਆਂ ਦੀ, ਜਿਨ੍ਹਾਂ ਵਿਚ ਔਰਤਾਂ ਵੀ ਸ਼ਾਮਲ ਸਨ, ਖਿਚ-ਧੂਹ ਕੀਤੀ।

ਜਦੋਂ ਨਿਹੰਗ ਸਿੰਘ ਕਾਰ-ਸੇਵਾ ਸ਼ੁਰੂ ਕਰਨ ਲਈ ਅਕਾਲ ਤਖ਼ਤ ਦੇ ਸਾਹਮਣੇ ਅਰਦਾਸ ਕਰ ਰਹੇ ਸਨ ਤਾਂ ਇਕ ਛੋਟੇ ਜਿਹੇ ਗਰੁਪ ਨੇ ਰੋਸ ਪ੍ਰਗਟ ਕੀਤਾ ਅਤੇ ਕਿਹਾ ਕਿ ਇਹ ਕਾਰ ਸੇਵਾ ਸੋਮਵਾਰ ਨੂੰ ਪੰਜ ਸਿੰਘ ਸਾਹਿਬਾਨ ਵਲੋਂ ਜਾਰੀ ਆਦੇਸ਼ ਦੀ ਉਲੰਘਣਾ ਹੈ। ਉਨ੍ਹਾਂ ਬਾਬਾ ਸੰਤਾ ਸਿੰਘ ਤੇ ਉਨ੍ਹਾਂ ਦੇ ਬੰਦਿਆਂ ਉਤੇ ਕਾਂਗਰਸ (ਆਈ) ਦੇ ਏਜੰਟ ਹੋਣ ਦਾ ਦੋਸ਼ ਲਾਇਆ ਤੇ ਉਨ੍ਹਾਂ ਆਖਿਆ ਕਿ ਉਹ ਸਿਖ ਜਜ਼ਬਿਆਂ ਦੇ ਵਿਰੁਧ ਕੰਮ ਨਾ ਕਰਨ।

ਜਦੋਂ ਇਹ ਗੱਲਾਂ ਚਲ ਰਹੀਆਂ ਸਨ ਤਾਂ ਬਾਬਾ ਸੰਤਾ ਸਿੰਘ ਦੇ ਬੰਦੇ ਉਸ ਛੋਟੇ ਜਿਹੇ ਗਰੁਪ ਉਤੇ ਟੁਟ ਪਏ ਅਤੇ ਉਨ੍ਹਾਂ ਦੀ ਖਿਚ ਧੂਹ ਕੀਤੀ। ਗਿਆਨੀ ਪੂਰਨ ਸਿੰਘ ਨੂੰ ਚਪੇੜਾਂ ਤੇ ਮੁਕੇ ਮਾਰੇ ਗਏ। ਉਨ੍ਹਾਂ ਦੇ ਇਕ ਸਾਥੀ ਦੇ ਨੱਕ ਵਿਚੋਂ ਖ਼ੂਨ ਵਗ ਰਿਹਾ ਸੀ। ਇਸ ਸਮੇਂ ਅਕਾਲ ਤਖ਼ਤ ਤੇ ਦਰਸ਼ਨੀ ਡਿਓੜੀ ਦੇ ਵਿਚਕਾਰ ਸੰਗਮਰਮਰ ਦੇ ਚਿੱਟੇ ਫ਼ਰਸ਼ ਤੇ ਖ਼ੂਨ ਦੇ ਛਿੱਟੇ ਦੇਖੇ ਜਾ ਸਕਦੇ ਸਨ।



www.AKJ.Org

ਇਸ ਸਮੇਂ ਜ਼ਿਲਾ ਅਧਿਕਾਰੀ ਵੀ ਮੌਜੂਦ ਸਨ । ਇਨ੍ਹਾਂ ਵਿਚ ਡੀ. ਸੀ., ਐਸ. ਐਸ. ਪੀ, ਲੋਕ ਨਿਰਮਾਣ ਵਿਭਾਗ ਦਾ ਇਕ ਕਾਰਜਕਾਰੀ ਇੰਜੀਨੀਅਰ ਵੀ ਸ਼ਾਮਲ ਸੀ ।.......

ਅਕਾਲੀ ਨੇਤਾਵਾਂ ਨੇ, ਜਿਨ੍ਹਾਂ ਵਿਚ ਸ: ਮਜੀਠਾ ਤੇ ਸ: ਭਾਨ ਸਿੰਘ ਸ਼ਾਮਲ ਹਨ, ਦੋਸ਼ ਲਾਇਆ ਕਿ ਫ਼ੌਜ ਵਲੋਂ ਦਰਬਾਰ ਸਾਹਿਬ ਵਿਚ ਰਵਾਇਤੀ ਹਥਿਆਰ ਲਿਜਾਣ ਦੀ ਮਨਾਹੀ ਕੀਤੀ ਗਈ ਹੈ, ਪਰ ਨਿਹੰਗ ਸਿੰਘਾਂ ਨੂੰ ਨਾ ਕੇਵਲ ਰਵਾਇਤੀ ਹਥਿਆਰ ਸਗੋਂ ਅਗਨ ਸ਼ਸਤਰ ਲਿਜਾਣ ਦੀ ਵੀ ਆਗਿਆ ਦਿਤੀ ।

ਨਿਹੰਗ ਸਿੰਘਾਂ ਨੇ ਦਾਖਲ ਹੋਣ ਸਮੇਂ ਹਰਿਮੰਦਰ ਸਾਹਿਬ ਪਰਕਰਮਾ ਤੋਂ ਨਮਸਕਾਰ ਕੀਤਾ । ਫਿਰ ਉਹ ਸਵੇਰ ਦੀ ਅਰਦਾਸ ਵਿਚ ਸ਼ਾਮਲ ਹੋਏ । ਇਸ ਪਿਛੋਂ ਉਹ ਅਕਾਲ ਤਖ਼ਤ ਵਲ ਚਲ ਪਏ ।

ਕਾਰ ਸੇਵਾ ਲਈ ਪਹਿਲੀ ਟੋਕਰੀ ਬਾਬਾ ਸੰਤਾ ਸਿੰਘ ਨੇ ਚੁੱਕੀ । ਇਸ ਸਮੇਂ ਗੁਰਬਾਣੀ ਦਾ ਪਾਠ ਹੋ ਰਿਹਾ ਸੀ । ਰਵਾਇਤ ਮੁਤਾਬਿਕ ਇਸ ਮੌਕੇ 'ਤੇ ਸੋਨੇ ਦੀ ਕਹੀ ਤੇ ਟੋਕਰੀ ਨਹੀਂ ਵਰਤੀ ਗਈ ।

ਸਵੇਰੇ ਸਾਢੇ ੮ ਵਜੇ ਬਾਬਾ ਸੰਤਾ ਸਿੰਘ ਆਪਣੇ ਹਥਿਆਰਬੰਦ ਅੰਗ-ਰਖਿਅਕਾਂ ਦੇ ਪਹਿਰੇ ਹੇਠ ਕੰਪਲੈਕਸ ਤੋਂ ਬਾਹਰ ਆਏ ਅਤੇ ਬੁਰਜ ਅਕਾਲੀ ਫੂਲਾ ਸਿੰਘ ਪਹੁੰਚੇ ।

ਕਾਰ ਸੇਵਾ ਸਮੇਂ ਸਿਰਫ ਦੂਰਦਰਸ਼ਨ ਤੇ ਅਕਾਸ਼ਵਾਣੀ ਦੀ ਟੀਮ ਨੂੰ ਹੀ ਦਾਖਲ ਹੋਣ ਦੀ ਆਗਿਆ ਦਿਤੀ ਗਈ । ਕਾਰ ਸੇਵਾ ਦੇ ਸ਼ੁਰੂ ਹੋਣ ਤੋਂ ਕੁਝ ਹੀ ਘੰਟਿਆਂ ਪਿਛੋਂ ਕਿਣ ਮਿਣ ਸ਼ੁਰੂ ਹੋ ਗਈ, ਜੋ ੯੦ ਮਿੰਟ ਚਲੀ ।

ਪੰਜਾਬੀ ਟ੍ਰਿਬਿਊਨ, ੧੮-੭-੮੪

**ਸਿੰਘ ਸਾਹਿਬਾਨ ਵਲੋਂ ਬਾਬਾ ਸੰਤਾ ਸਿੰਘ ਤਨਖ਼ਾਹੀਆ ਕਰਾਰ—**

ਅੰਮ੍ਰਿਤਸਰ, ੧੯ ਜੁਲਾਈ—(ਪੀ. ਟੀ. ਆਈ.) ਪੰਜ ਸਿੰਘ ਸਾਹਿਬਾਨ ਨੇ ਬੁਢਾ ਦਲ ਦੇ ਮੁਖੀ ਬਾਬਾ ਸੰਤਾ ਸਿੰਘ, ਜਿਹਨਾਂ ਨੇ ਮੰਗਲਵਾਰ ਨੂੰ ਹਰਿਮੰਦਰ ਸਾਹਿਬ ਕੰਪਲੈਕਸ ਵਿਚ 'ਕਾਰ ਸੇਵਾ' ਸ਼ੁਰੂ ਕੀਤੀ ਸੀ, ਨੂੰ ਤਨਖਾਹੀਆ ਕਰਾਰ ਦਿਤਾ ਹੈ । ਬਾਬਾ ਸੰਤਾ ਸਿੰਘ ਨੂੰ ਅਕਾਲ ਤਖ਼ਤ ਦੀ ਕਾਰ ਸੇਵਾ ਬੰਦ ਕਰਨ ਦਾ ਆਦੇਸ਼ ਦਿਤਾ ਹੈ । ਪੰਜ ਸਿੰਘ ਸਾਹਿਬਾਨ ਨੇ ਇਹ ਫੈਸਲਾ ਅਕਾਲ ਤਖ਼ਤ ਦੇ ਪੈਡ ਤੇ ਲਿਖਿਆ ਹੈ ਜਿਸ ਤੇ ਕਿ ਅਕਾਲ ਤਖਤ ਦੀ ਮੋਹਰ ਲਗੀ ਹੋਈ ਹੈ । ਸਿੰਘ ਸਾਹਿਬਾਨ ਨੇ ਬਾਬਾ ਸੰਤਾ ਸਿੰਘ ਨੂੰ ਮੁਆਫੀ ਮੰਗਣ ਲਈ ਉਨ੍ਹਾਂ ਦੇ ਸਾਹਮਣੇ ਪੇਸ਼ ਹੋਣ ਲਈ ਕਿਹਾ ਹੈ । ਸਿੰਘ ਸਾਹਿਬਾਨ ਨੇ ਸਪਸ਼ਟ ਕੀਤਾ ਕਿ ਉਹ ਬੁਢਾ ਦਲ ਦੇ ਮੁਖੀ ਨੂੰ ੨੧ ਜੁਲਾਈ ਨੂੰ ਸਵੇਰੇ ੮ ਵਜੇ ਸਜ਼ਾ ਦੇਣਗੇ । ਸਿੰਘ ਸਾਹਿਬਾਨ ਨੇ ਬਾਬਾ ਸੰਤਾ ਸਿੰਘ ਨੂੰ ਭਾਈ ਸੰਤਾ ਸਿੰਘ ਕਹਿ ਕੇ ਸੰਬੋਧਨ ਕੀਤਾ ਹੈ । ਅਜੀਤ, ੨੦-੭-੮੪

**ਸਿੰਘ ਸਾਹਿਬਾਨ ਦਾ ਫ਼ੈਸਲਾ ਸਾਡੇ ਤੇ ਲਾਗੂ ਨਹੀਂ, ਬਾਬਾ ਸੰਤਾ ਸਿੰਘ—**

ਅੰਮ੍ਰਿਤਸਰ, ੧੯ ਜੁਲਾਈ—(ਪੀ. ਟੀ. ਆਈ.) ਪੰਜ ਸਿੰਘ ਸਾਹਿਬਾਨ ਵਲੋਂ ਆਪਣੇ ਵਿਰੁਧ ਅੱਜ ਦਿਤੇ ਗਏ ਤਨਖ਼ਾਹੀਆ ਕਰਾਰ ਦੇਣ ਦੇ ਫੈਸਲੇ ਨੂੰ ਚੁਨੌਤੀ ਦਿੰਦਿਆਂ ਨਿਹੰਗ ਮੁਖੀ ਬਾਬਾ ਸੰਤਾ ਸਿੰਘ ਨੇ ਕਿਹਾ ਕਿ ਪੰਜ ਸਿੰਘ ਸਾਹਿਬਾਨ ਦਾ ਫੈਸਲਾ 'ਸੰਤ ਖਾਲਸਾ ਬੁਢਾ ਦਲ' ਉਤੇ ਲਾਗੂ ਨਹੀਂ ਹੁੰਦਾ, ਜਿਸ ਦੇ ਕਿ ਉਹ (ਬਾਬਾ ਸੰਤਾ ਸਿੰਘ) ਮੁਖੀ ਹਨ, ਜੋ ਕਿ 'ਸਿਖਾਂ ਦਾ ਚਲਦਾ ਫਿਰਦਾ ਪੰਜਵਾਂ ਤਖ਼ਤ' ਹੈ । ਅਜੀਤ, ੨੦-੭-੮੪

# ਚੰਡੀਗੜ੍ਹ ਦੇ ਗੁਰਦੁਆਰੇ ਚਿ ਬਾਜ਼ ਦੇ ਦਰਸ਼ਨ

**ਹਜ਼ਾਰਾਂ ਸੰਗਤਾਂ ਨੇ ਹੁਮ-ਹੁਮਾਂ ਕੇ ਕੁਦਰਤ ਦਾ ਕ੍ਰਿਸ਼ਮਾ ਦੇਖਿਆ—**

੨੧ ਜੁਲਾਈ ਦੀ ਸ਼ਾਮ ਨੂੰ ਉਸ ਵੇਲੇ ਕੁਦਰਤ ਦਾ ਇਕ ਕ੍ਰਿਸ਼ਮਾ ਦੇਖਣ 'ਚ ਆਇਆ ਜਦੋਂ ਗੁਰਦਵਾਰਾ ਗੁਰੂ ਤੇਗ ਬਹਾਦਰ ਸਾਹਿਬ, ਸੈਕਟਰ ੧੫, ਚੰਡੀਗੜ੍ਹ ਦੀ ਦੂਸਰੀ ਮੰਜ਼ਲ ਤੇ ਬਾਜ਼ ਅਚਾਨਕ ਗੁਰੂ ਮਹਾਰਾਜ ਦੀ ਪਾਲਕੀ ਤੇ ਆ ਕੇ ਬੈਠ ਗਿਆ । ਬਾਜ਼ ਸ਼ਾਮੀਂ ੮ ਵਜੇ ਦੇ ਕਰੀਬ ਗੁਰਦੁਆਰੇ ਚਿ ਆਇਆ । ਉਸ ਤੋਂ ਪਹਿਲਾਂ


www.AKJ.Org

ਗੁਰੂ ਮਹਾਰਾਜ ਦਾ ਸੁਖ ਆਸਨ ਕਰ ਦਿਤਾ ਗਿਆ ਸੀ। ਗੁਰਦਵਾਰੇ ਦੇ ਮੀਤ ਗਰੰਥੀ ਭਾਈ ਜੁਝਾਰ ਸਿੰਘ ਨੇ ਬਾਜ਼ ਫੜਨ ਦੀ ਕੋਸ਼ਿਸ਼ ਕੀਤੀ ਤਾਂ ਇਹ ਉਹਨਾਂ ਦੇ ਸਜੇ ਹੱਥ ਤੇ ਬੈਠ ਗਿਆ। ਜਿਉਂ ਹੀ ਇਸ ਬਾਰੇ ਸੰਗਤਾਂ ਨੂੰ ਪਤਾ ਲਗਾ ਤਾਂ ਉਹ ਹੁਮ-ਹੁੰਮਾ ਕੇ ਬਾਜ਼ ਦੇ ਦਰਸ਼ਨ ਕਰਨ ਲਈ ਉਮਡ ਪਈਆਂ। ਬਾਜ਼ ਦੇ ਦਰਸ਼ਨ ਕਰਨ ਲਈ ਆਉਣ ਵਾਲੀਆਂ ਸੰਗਤਾਂ ਦਾ ਰਾਤ ਦੇ ਇਕ ਵਜੇ ਤਕ ਤਾਂਤਾ ਬਝਾ ਰਿਹਾ। ਮੁਖ ਤੌਰ ਤੇ ਸੰਗਤਾਂ ਇਸ ਕਰਕੇ ਭਾਵਕ ਹੋ ਕੇ ਬਾਜ਼ ਦੇ ਦਰਸ਼ਨ ਕਰਨ ਲਈ ਆਉਂਦੀਆਂ ਸਨ ਕਿ ਸਰਬੰਸ ਦਾਨੀ ਦਸਮੇਸ਼ ਪਿਤਾ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਹਮੇਸ਼ਾ ਅਪਣੇ ਨਾਲ ਇਕ ਬਾਜ਼ ਰਖਦੇ ਸਨ। ਜਦੋਂ ਭਾਈ ਜੁਝਾਰ ਸਿੰਘ ਨੇ ਬਾਜ਼ ਨੂੰ ਛਡਿਆ ਤਾਂ ਉਹ ਫਿਰ ਪਾਲਕੀ ਤੇ ਜਾ ਕੇ ਬੈਠ ਗਿਆ। ਬਾਜ਼ ਨੂੰ ਚੂਰੀ ਤੇ ਪ੍ਰਸ਼ਾਦ ਪਾਇਆ ਗਿਆ ਜੋ ਉਸ ਨੇ ਖਾ ਲਿਆ। ਰਾਤ ਨੂੰ ਬਾਜ਼ ਨੂੰ ਇਕ ਖਾਸ ਥਾਂ ਰਖਿਆ ਅਤੇ ਜਦੋਂ ਉਸ ਨੂੰ ੨੨ ਤਾਰੀਖ ਸਵੇਰ ਨੂੰ ਬਾਹਿਰ ਛਡਿਆ ਗਿਆ ਤਾਂ ਉਹ ਮੁੜ ਉਡ ਕੇ ਉਪਰਲੀ ਛਤ ਤੇ ਪਾਲਕੀ ਤੇ ਜਾ ਬੈਠਾ। ਬਾਜ਼ ੨੨ ਜੁਲਾਈ ਨੂੰ ਸ਼ਾਮ ਦੇ ਸਾਢੇ ੬ ਵਜੇ ਤਕ ਉਪਰੋਕਤ ਗੁਰਦਵਾਰੇ ਵਿਚ ਰਿਹਾ ਅਤੇ ਚੰਡੀਗੜ੍ਹ ਦੇ ਆਲੇ ਦੁਆਲੇ ਦੀਆਂ ਹਜ਼ਾਰਾਂ ਸੰਗਤਾਂ ਗੁਰਦਵਾਰੇ ਚਿ ਮੌਜੂਦ ਰਹੀਆਂ। ਇਥੇ ਵਿਸ਼ੇਸ਼ ਤੌਰ ਤੇ ਵਰਨਣ ਯੋਗ ਹੈ ਕਿ ਜਦੋਂ ਵੀ ਪੰਥ ਤੇ ਕੋਈ ਭੀੜ ਬਣਦੀ ਹੈ ਤਾਂ ਬਾਜ਼ ਸੰਗਤਾਂ ਨੂੰ ਦਰਸ਼ਨ ਦੇਣ ਲਈ ਆਉਂਦਾ ਹੈ। ਜੈਤੋ ਦੇ ਮੋਰਚੇ ਅਤੇ ਹੋਰ ਅਕਾਲੀ ਮੋਰਚਿਆਂ ਵੇਲੇ ਬਾਜ਼ ਆਉਂਦਾ ਰਿਹਾ। ੧੯੪੭ ਚਿ ਦੇਸ਼ ਦੀ ਵੰਡ ਤੋਂ ਬਾਅਦ ਗੁਰਦਵਾਰਾ ਦੂਖ ਨਿਵਾਰਨ ਸਾਹਿਬ, ਪਟਿਆਲਾ ਵਿਖੇ ਕਈ ਦਿਨ ਲਗਾਤਾਰ ਬਾਜ ਆਉਂਦਾ ਰਿਹਾ। ਸੰਗਤਾਂ ਦਾ ਵਿਸ਼ਵਾਸ ਹੈ ਕਿ ਜਦੋਂ ਪੰਥ ਤੇ ਬਣਿਆ ਸੰਕਟ ਟਲਣ ਵਾਲਾ ਹੋਵੇ, ਉਸ ਵੇਲੇ ਬਾਜ਼ ਅਚਾਨਕ ਪ੍ਰਗਟ ਹੁੰਦਾ ਹੈ। ਉਪਰੋਕਤ ਗੁਰਦਵਾਰੇ ਦਾ ਨੀਂਹ ਪੱਥਰ ਨਾਮ ਬਾਣੀ ਦੇ ਰਸੀਏ ਅਤੇ ਪੰਥ ਦੀ ਮਹਾਨ ਸ਼ਖਸੀਅਤ ਸੰਤ ਅਤਰ ਸਿੰਘ ਜੀ ਮਸਤੂਆਣੇ ਵਾਲਿਆਂ ਨੇ ਰਖਿਆ ਸੀ। ਉਸ ਵੇਲੇ ਚੰਡੀਗੜ੍ਹ ਵਜੂਦ ਵਿਚ ਨਹੀਂ ਆਇਆ ਸੀ ਤੇ ੧੫ ਸੈਕਟਰ ਵਾਲੀ ਥਾਂ ਤੇ ਪਿੰਡ ਕੈਲੜ ਵਸਦਾ ਸੀ।

ਅਜੀਤ, ੨੪-੭-੮੪

### ਗੁ: ਸ਼ਹੀਦ ਬਾਬਾ ਦੀਪ ਸਿੰਘ ਵਿਖੇ ਵੀ ਬਾਜ਼ ਦੇ ਦਰਸ਼ਨ–

ਅੰਮ੍ਰਿਤਸਰ, ੨੫ ਜੁਲਾਈ (ਪੀ. ਟੀ. ਆਈ) ਇਥੋਂ ਦੇ ਇਤਿਹਾਸਕ ਗੁਰਦਵਾਰਾ ਸ਼ਹੀਦ ਬਾਬਾ ਦੀਪ ਸਿੰਘ ਵਿਚ ਅਚਾਨਕ ਇਕ ਬਾਜ਼ ਨੇ ਸੰਗਤਾਂ ਨੂੰ ਦਰਸ਼ਨ ਦਿਤੇ। ਬਾਜ਼ ਆਉਣ ਦੀ ਚਰਚਾ ਸੁਣ ਕੇ ਸੈਂਕੜੇ ਸਿਖ ਸ਼ਰਧਾਲੂ ਗੁਰਦੁਆਰੇ ਵਿਚ ਪੁਜ ਗਏ।

–ਅਜੀਤ ੨੬-੭-੮੪

### ਕਾਰ ਸੇਵਾ ਸ਼੍ਰੋਮਣੀ ਕਮੇਟੀ ਦੇ ਹਵਾਲੇ ਕੀਤੀ ਜਾਏ
### ਚੀਫ ਖਾਲਸਾ ਦੀਵਾਨ ਵਲੋਂ ਫੌਜ ਕਢਣ ਦੀ ਵੀ ਮੰਗ–

ਅੰਮ੍ਰਿਤਸਰ, ੨੪ ਜੁਲਾਈ—(ਪੀ. ਟੀ. ਆਈ.) ਚੀਫ ਖਾਲਸਾ ਦੀਵਾਨ ਨੇ ਮੰਗ ਕੀਤੀ ਹੈ ਕਿ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਵਿਚੋਂ ਫੌਜ ਹਟਾਈ ਜਾਏ ਅਤੇ ਕਾਰ ਸੇਵਾ ਦਾ ਕੰਮ ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਹਵਾਲੇ ਕੀਤਾ ਜਾਏ। ਦੀਵਾਨ ਵਲੋਂ ਪਾਸ ਕੀਤੇ ਗਏ ਮਤੇ ਵਿਚ ਕਿਹਾ ਗਿਆ ਕਿ ਕਾਰ ਸੇਵਾ ਬਾਬਾ ਸੰਤਾ ਸਿੰਘ ਦੇ ਮੁਠੀ ਭਰ ਸਾਥੀਆਂ, ਕਿਰਾਏ ਦੀ ਲੇਬਰ ਅਤੇ ਕੁਝ ਪਾਰਟੀਆਂ ਦੇ ਮੈਂਬਰਾਂ ਵਲੋਂ ਕੀਤੀ ਜਾ ਰਹੀ ਹੈ, ਜੋ ਕਾਰ ਸੇਵਾ ਦੀ ਭਾਵਨਾ ਦੇ ਉਲਟ ਹੈ। ਦੀਵਾਨ ਵਲੋਂ ਬਾਬਾ ਸੰਤਾ ਸਿੰਘ ਦੇ ਵਤੀਰੇ ਦੀ ਅਲੋਚਨਾ ਕਰਦਿਆਂ ਕਿਹਾ ਕਿ ਉਨ੍ਹਾਂ ਵਲੋਂ ਸਿੰਘ ਸਾਹਿਬਾਨ ਤੋਂ ਉਪਰ ਹੋਣ ਦਾ ਦਾਅਵਾ ਅਤੇ ਉਨ੍ਹਾਂ ਦੇ ਹੁਕਮਾਂ ਦੀ ਉਲੰਘਣਾ ਉਚਿਤ ਨਹੀਂ। ਇਕ ਹੋਰ ਮਤੇ ਰਾਹੀਂ ਦੀਵਾਨ ਨੇ ਸਰਕਾਰ ਨੂੰ ਬੇਨਤੀ ਕੀਤੀ ਕਿ ਉਹ ਸ੍ਰੀ ਦਰਬਾਰ ਸਾਹਿਬ ਨੂੰ ਸਾਰੇ ਲੋਕਾਂ ਲਈ ਖੋਲ੍ਹ ਦੇਵੇ। ਉਸ ਨੇ ਪਰਮਿਟਾਂ ਰਾਹੀਂ ਦਾਖਲੇ ਨੂੰ ਗਲਤ ਕਰਾਰ ਦਿਤਾ।

–ਅਜੀਤ, ੨੫-੭-੮੪



www.AKJ.Org

**ਦਰਬਾਰ ਸਾਹਿਬ ਰੋਜ਼ਾਨਾ ਸਵੇਰੇ ਦੋ ਘੰਟਿਆਂ ਲਈ ਖੋਲ੍ਹਿਆ ਜਾਏਗਾ—**

ਅੰਮ੍ਰਿਤਸਰ, ੨੭ ਜੁਲਾਈ—(ਪੀ. ਟੀ. ਆਈ.) ਅਧਿਕਾਰੀਆਂ ਨੇ ਐਲਾਨ ਕੀਤਾ ਹੈ ਕਿ ਕਲ੍ਹ ਤੋਂ ਸਵੇਰੇ ੫ ਵਜੇ ਤੋਂ ੨ ਘੰਟੇ ਲਈ ਰੋਜ਼ਾਨਾ ਸ੍ਰੀ ਹਰਿਮੰਦਰ ਸਾਹਿਬ ਨੂੰ ਸੰਗਤਾਂ ਦੇ ਦਰਸ਼ਨਾਂ ਲਈ ਖੋਲ੍ਹਿਆ ਜਾਏਗਾ। ਜ਼ਿਲਾ ਮੈਜਿਸਟਰੇਟ ਨੇ ਐਲਾਨ ਕੀਤਾ ਕਿ ਸ਼ਰਧਾਲੂਆਂ ਨੂੰ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਵਿਚ ਜਾਣ ਲਈ ਪ੍ਰਮਿਟ ਲੈਣ ਦੀ ਜ਼ਰੂਰਤ ਨਹੀਂ ਪਏਗੀ। ਇਸੇ ਦੌਰਾਨ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਵਿਚ ਜਾਰੀ ਕਾਰ ਸੇਵਾ ਵਿਚ ਸਾਬਕ ਖਜ਼ਾਨਾ ਮੰਤਰੀ ਡਾ: ਕੇਵਲ ਕ੍ਰਿਸ਼ਨ ਸਾਬਕ ਲੋਕਲ ਬਾਡੀ ਮੰਤਰੀ ਸਰਦਾਰੀ ਲਾਲ ਕਪੂਰ ਵੀ ਕਾਰ ਸੇਵਾ 'ਚ ਸ਼ਾਮਲ ਹੋਏ। ਸਾਬਕ ਵਿਧਾਇਕ ਸ: ਸਾਧੂ ਸਿੰਘ ਅਤੇ ਸ੍ਰੀਮਤੀ ਤਾਜਦਾਰ ਬੱਬਰ ਦੀ ਅਗਵਾਈ ਚਿ ਦਿੱਲੀ ਤੋਂ ਪੁਜਾ ਇਕ ਜਥਾ ਵੀ ਕਾਰ ਸੇਵਾ ਚਿ ਸ਼ਾਮਲ ਹੋਇਆ।

੧੭ ਜੁਲਾਈ ਤੋਂ, ਜਿਸ ਦਿਨ ਤੋਂ ਬਾਬਾ ਸੰਤਾ ਸਿੰਘ ਦੀ ਨਿਗਰਾਨੀ ਹੇਠ ਕਾਰ ਸੇਵਾ ਅਰੰਭ ਹੋਈ ਸੀ, ਦਰਬਾਰ ਸਾਹਿਬ ਯਾਤਰੂਆਂ ਲਈ ਬੰਦ ਕਰ ਦਿਤਾ ਗਿਆ ਸੀ। —ਅਜੀਤ ੨੭ ਤੇ ੨੮ ਜੁਲਾਈ ੧੯੮੪

**ਬਾਬਾ ਖੜਕ ਸਿੰਘ ਵਲੋਂ ਕਾਰ-ਸੇਵਾ ਕੀਤੇ ਜਾਣ ਦੀ ਪਰਵਾਨਗੀ**

**ਸੰਤ ਸਮਾਜ ਦੀ ਮੀਟਿੰਗ ਵਿਚ ਫੈਸਲੇ—**

ਅੰਮ੍ਰਿਤਸਰ, ੨੮ ਜੁਲਾਈ—(ਯੂ. ਐਨ. ਪੀ. ਟੀ. ਆਈ.) ੮੦ ਸਾਲਾਂ ਦੇ ਧਾਰਮਿਕ ਆਗੂ ਬਾਬਾ ਖੜਕ ਸਿੰਘ ਸਾਰੇ ਦਰਬਾਰ ਸਾਹਿਬ ਕੰਪਲੈਕਸ ਦੀ ਕਾਰ ਸੇਵਾ ਮੰਨ ਗਏ ਹਨ। ਇਹ ਐਲਾਨ ਅਜ ਇਥੇ ਉਹਨਾਂ ਦੇ ਸਹਾਇਕ ਬਾਬਾ ਦਰਸ਼ਨ ਸਿੰਘ ਨੇ ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵਲੋਂ ਸਦੀ ਗਈ ਸੰਤ ਸਮਾਜ ਦੀ ਮੀਟਿੰਗ ਵਿਚ ਕੀਤਾ ਗਿਆ। ਮੀਟਿੰਗ ਵਿਚ ਪੜ੍ਹੇ ਗਏ ਉਹਨਾਂ ਦੇ ਬਿਆਨ ਵਿਚ ਬਾਬਾ ਖੜਕ ਸਿੰਘ ਨੇ ਕਿਹਾ ਕਿ ਉਹ ਸੰਤ ਸਮਾਜ ਵਲੋਂ ਉਹਨਾਂ ਨੂੰ ਸੌਂਪੀ ਗਈ ਕਾਰ ਸੇਵਾ ਦੀ ਜ਼ਿੰਮੇਵਾਰੀ ਖੁਸ਼ੀ ਨਾਲ ਕਬੂਲਦੇ ਹਨ। ਉਹ ਸ਼ਰੋਮਣੀ ਕਮੇਟੀ ਅਤੇ ੫ ਸਿੰਘ ਸਾਹਿਬਾਨ ਵਲੋਂ ਉਹਨਾਂ ਤੇ ਪ੍ਰਗਟਾਏ ਗਏ ਵਿਸ਼ਵਾਸ ਦਾ ਵੀ ਸਤਿਕਾਰ ਕਰਦੇ ਹਨ।

ਪੀ. ਟੀ. ਆਈ. ਦੀ ਸੂਚਨਾ ਅਨੁਸਾਰ ਅਜ ਇਥੇ ਸਿਖ ਧਾਰਮਕ ਲੀਡਰਾਂ, ਸੰਤਾਂ ਅਤੇ ਵਖ ਵਖ ਸੰਪਰਦਾਵਾਂ ਦੇ ਮੁਖੀਆਂ, ਜਿਸ ਵਿਚ ਨਿਹੰਗਾਂ ਦਾ ਤਰਨਾ ਬੀਰ ਦਲ ਸ਼ਾਮਲ ਹੈ, ਦੀ ਮੀਟਿੰਗ ਨੇ ੫ ਸਿੰਘ ਸਾਹਿਬਾਨ ਦੇ ਉਸ ਫੈਸਲੇ ਦੀ ਸਰਬ ਸੰਮਤੀ ਨਾਲ ਪੁਸ਼ਟੀ ਕਰ ਦਿਤੀ, ਜਿਸ ਵਿਚ ਕਾਰ ਸੇਵਾ ਬਾਬਾ ਖੜਕ ਸਿੰਘ ਨੂੰ ਸੌਂਪਣ ਲਈ ਕਿਹਾ ਗਿਆ ਸੀ। ਸ਼ਰੋਮਣੀ ਕਮੇਟੀ ਅਤੇ ਅਕਾਲੀ ਦਲ ਵਲੋਂ ਸਿੰਘ ਸਾਹਿਬਾਨ ਦੇ ਫੈਸਲੇ ਦੀ ਪੁਸ਼ਟੀ ਸਬੰਧੀ ਮਤੇ ਪਹਿਲਾਂ ਹੀ ਪਾਸ ਕੀਤੇ ਜਾ ਚੁਕੇ ਹਨ। ਅਜ ਦੀ ਮੀਟਿੰਗ ਗੁਰੂ ਰਾਮ ਦਾਸ ਸਕੂਲ ਦੇ ਖੁਲ੍ਹੇ ਹਾਲ ਵਿਚ ਹੋਈ। ਬਾਬਾ ਖੜਕ ਸਿੰਘ ਮੀਟਿੰਗ ਵਿਚ ਨਹੀਂ ਆਏ ਸਨ ਅਤੇ ਉਹਨਾਂ ਵਲੋਂ ਸੇਵਾ ਪ੍ਰਵਾਨ ਕਰਨ ਬਾਰੇ ਸੁਨੇਹਾ ਪੜ ਕੇ ਸੁਣਾਇਆ ਗਿਆ। ਸ਼ਰੋਮਣੀ ਕਮੇਟੀ ਵਲੋਂ ਸਦੀ ਗਈ ਅਜ ਦੀ ਮੀਟਿੰਗ ਵਿਚ ਕੁਲ ੮੬ ਸਿਖ ਸੰਤ ਸ਼ਾਮਲ ਹੋਏ, ਜਦ ਕਿ ੧੦੫ ਨੂੰ ਸਦਾ ਪਤਰ ਭੇਜੇ ਗਏ ਸਨ। ਉਦਾਸੀ ਸੇਵਾ ਪੰਥੀ ਡੇਰਿਆਂ ਦੇ ਪ੍ਰਤੀਨਿਧਾ ਵੀ ਮੌਜੂਦ ਸਨ। ਸਿੰਘ ਸਾਹਿਬਾਨ ਜਥੇਦਾਰ ਕਿਰਪਾਲ ਸਿੰਘ, ਜ: ਹਰਚਰਨ ਸਿੰਘ ਮਹਾਲੋਂ ਅਤੇ ਸੰਤ ਲਖਾ ਸਿੰਘ, ਸ਼ਰੋਮਣੀ ਕਮੇਟੀ ਦੇ ਅਧਿਕਾਰੀ ਅਤੇ ਬਹੁਤ ਸਾਰੇ ਅਕਾਲੀ ਲੀਡਰ ਵੀ ਇਸ ਸਮੇਂ ਮੌਜੂਦ ਸਨ।

ਮੀਟਿੰਗ ਨੇ ਸ੍ਰੀ ਦਰਬਾਰ ਸਾਹਿਬ ਵਿਚੋਂ ਫੌਜ ਕਢੇ ਜਾਣ ਦੀ ਮੰਗ ਕੀਤੀ ਤਾਂ ਜੋ ਬਾਬਾ ਖੜਕ ਸਿੰਘ ਸਿਖ ਸੰਗਤਾਂ ਤੋਂ 'ਕਾਰ ਸੇਵਾ' ਸ਼ੁਰੂ ਕਰਵਾ ਸਕਣ। ਮੀਟਿੰਗ ਵਿਚ ਨਿਹੰਗ ਮੁਖੀ ਬਾਬਾ ਸੰਤਾ ਸਿੰਘ ਵਲੋਂ ਕਰਵਾਈ ਜ ਰਹੀ ਕਾਰ ਸੇਵਾ ਦੀ ਸਖਤ ਨਿੰਦਾ ਕੀਤੀ ਗਈ। ਮੀਟਿੰਗ ਵਿਚ ਫੌਜੀ ਕਾਰਵਾਈ ਨਾਲ ਸ੍ਰੀ ਦਰਬਾਰ ਸਾਹਿਬ, ਅਕਾਲ ਤਖਤ ਆਦਿ ਨੂੰ ਪੁਜੀ ਹਾਨੀ ਤੇ ਡੂੰਘਾ ਦੁਖ ਪਰਗਟ ਕੀਤਾ ਗਿਆ। ਰਾਜ ਵਿਚ ਭਾਰੀ ਗਿਣਤੀ ਵਿਚ ਹੋਈਆਂ ਮੌਤਾਂ ਤੇ ਵੀ ਸ਼ੋਕ ਪਰਗਟ ਕੀਤਾ ਗਿਆ। ਮੀਟਿੰਗ ਵਿਚ ਪੰਜਾਬ ਵਿਚ ਸਿਖਾਂ ਨਾਲ ਵਿਤਕਰਾ ਖਤਮ ਕੀਤੇ ਜਾਣ ਦੀ ਮੰਗ ਕੀਤੀ ਗਈ।

—ਅਜੀਤ, ੨੯-੭-੮੪



www.AKJ.Org

## ਬੁਢਾ ਦਲ ਦੇ ੧੪੦੦ ਨਿਹੰਗ ਵੱਖ ਹੋ ਗਏ–

ਅੰਮ੍ਰਿਤਸਰ, ੨੮ ਜੁਲਾਈ (ਪੀ. ਟੀ. ਆਈ.) ਬੁਢਾ ਦਲ ਦੇ ਅਨੰਦਪੁਰ ਸਾਹਿਬ ਡਿਵਿਜ਼ਨਲ ਯੂਨਿਟ ਦੇ ਮੁਖੀ ਬਾਬਾ ਪ੍ਰੀਤਮ ਸਿੰਘ ਨੇ ਬੁਢਾ ਦਲ ਦੇ ਮੁਖੀ ਬਾਬਾ ਸੰਤਾ ਸਿੰਘ ਨਾਲੋਂ ਸੰਬੰਧ ਤੋੜ ਲੈਣ ਦਾ ਐਲਾਨ ਕੀਤਾ ਹੈ। ਉਹਨਾਂ ਨੇ ਇਕ ਬਿਆਨ ਵਿਚ ਕਿਹਾ ਕਿ ਉਹਨਾਂ ਦੀ ਡਿਵਿਜ਼ਨ ਦੇ ੧੪੦੦ ਨਿਹੰਗਾਂ ਨੇ ੫ ਸਿੰਘ ਸਾਹਿਬਾਨ ਦੇ ਹੁਕਮਨਾਮੇ ਦੀ ਅਵਗਿਆ ਕਰਕੇ ਬਾਬਾ ਸੰਤਾ ਸਿੰਘ ਵਲੋਂ ਸ਼ੁਰੂ ਕੀਤੀ 'ਕਾਰ ਸੇਵਾ' ਪਸੰਦ ਨਹੀਂ ਕੀਤੀ। ਅਜੀਤ, ੨੯-੭-੮੪

### ਦਰਬਾਰ ਸਾਹਿਬ ਵਿਚੋਂ ਫੌਜ ਹਟਾਈ ਜਾਏ
### ਕਾਰ ਸੇਵਾ ਸ਼ਰੋਮਣੀ ਕਮੇਟੀ ਕਰਾਏ–ਜਨਤਾ ਪਾਰਟੀ ਦੀ ਮੰਗ

ਅੰਮ੍ਰਿਤਸਰ, ੩੦ ਜੁਲਾਈ–ਜਨਤਾ ਪਾਰਟੀ ਦੀ ਪੰਜਾਬ ਸਟੇਟ ਐਗਜ਼ੈਟਿਵ ਕਮੇਟੀ ਨੇ ਆਪਣੀ ੨੯ ਜੁਲਾਈ ਦੀ ਇਕ ਮੀਟਿੰਗ ਵਿਚ ਦਰਬਾਰ ਸਾਰਿਬ ਵਿਚੋਂ ਤੁਰੰਤ ਫੌਜ ਹਟਾਉਣ ਦੀ ਮੰਗ ਕੀਤੀ ਹੈ। ਇਹ ਮੀਟਿੰਗ ਸ: ਹਰਭਜਨ ਸਿੰਘ ਦੀ ਪ੍ਰਧਾਨਗੀ ਹੇਠ ਹੋਈ। ਪਾਰਟੀ ਨੇ ਮਤੇ ਵਿਚ ਇਹ ਵੀ ਕਿਹਾ ਕਿ ਦਰਬਾਰ ਸਾਹਿਬ ਸਮੂਹ ਦੀ ਕਾਰ ਸੇਵਾ ਛੇਤੀ ਤੋਂ ਛੇਤੀ ਸ਼ਰੋਮਣੀ ਕਮੇਟੀ ਨੂੰ ਸੌਂਪਣੀ ਚਾਹੀਦੀ ਹੈ। ਇਸ ਮੀਟਿੰਗ ਵਿਚ ਸ੍ਰੀ ਜਾਰਜ ਫ਼ਰਨਾਡੇਜ਼ ਮੈਂਬਰ ਪਾਰਲੀਮੈਂਟ ਅਤੇ ਪਾਰਟੀ ਦੇ ਜਨਰਲ ਸਕੱਤਰ ਅਤੇ ਸੁਰਿੰਦਰ ਮੋਹਨ ਸਾਬਕਾ ਐਮ. ਪੀ. ਨੇ ਵੀ ਤਕਰੀਰਾਂ ਕੀਤੀਆਂ।

ਮੀਟਿੰਗ ਨੇ ਪ੍ਰੈਸ ਉਪਰੋਂ ਸੈਂਸਰਸ਼ਿਪ ਹਟਾਉਣ ਅਤੇ ਆਲ ਇੰਡੀਆ ਰੇਡੀਓ ਤੇ ਦੂਰ-ਦਰਸ਼ਨ ਤੋਂ ਕੇਂਦਰ ਦੀ ਦੁਰਵਰਤੋਂ ਰੋਕਣ ਬਾਰੇ ਵੀ ਮਤਾ ਪਾਸ ਕੀਤਾ। ਪਾਰਟੀ ਨੇ ਪ੍ਰਸਤਾਵ ਵਿਚ ਫੌਜੀ ਕਾਰਵਾਈ ਵੇਲੇ ਹੋਏ ਬੇਗੁਨਾਹ ਲੋਕਾਂ ਦੇ ਜਾਨੀ ਤੇ ਮਾਲੀ ਨੁਕਸਾਨ ਦਾ ਸਰਕਾਰ ਨੂੰ ਮੁਆਵਜ਼ਾ ਦੇਣ ਲਈ ਵੀ ਕਿਹਾ। ਫੌਜ ਹਟਾਣ ਦੀ ਮੰਗ ਕੀਤੀ ਗਈ। –ਅਜੀਤ ੩੧-੭-੮੪

### ਦਰਬਾਰ ਸਾਹਿਬ ਦੇ ਆਸ ਪਾਸ ਦੇ ਖੇਤਰ ਨੂੰ ਡੇਗਣ ਦੀ ਯੋਜਨਾ ਰੱਦ ਕਰ ਦਿਤੀ ਗਈ
### ਪ੍ਰਭਾਵਿਤ ਲੋਕਾਂ ਲਈ ਦੁਕਾਨਾਂ ਤੇ ਮਕਾਨ ਬਣਨਗੇ

ਅੰਮ੍ਰਿਤਸਰ, ੩੧ ਜੁਲਾਈ–(ਹਿ. ਸ.) ਅੰਮ੍ਰਿਤਸਰ ਇੰਪਰੂਵਮੈਂਟ ਟਰੱਸਟ ਨੇ ਸ੍ਰੀ ਦਰਬਾਰ ਸਾਹਿਬ ਖੇਤਰ ਦੇ ਇਲਾਕੇ ਨੂੰ ਗਿਰਾਉਣ ਦੀ ਜਿਹੜੀ ਯੋਜਨਾ ਬਣਾਈ ਸੀ, ਉਸ ਨੂੰ ਰਦ ਕਰ ਦਿਤਾ ਹੈ। ਟਰੱਸਟ ਦੇ ਇਕ ਬੁਲਾਰੇ ਅਨੁਸਾਰ ਅਜੇ ਨਵੀਂ ਯੋਜਨਾ ਦਾ ਕੋਈ ਪ੍ਰੋਗਰਾਮ ਨਹੀਂ ਹੈ। ਕੇਵਲ ਜੋ ਦੁਕਾਨਾਂ ਜਾਂ ਮਕਾਨ ਫੌਜੀ ਕਾਰਵਾਈ ਨਾਲ ਤਬਾਹ ਹੋਏ ਹਨ, ਉਨ੍ਹਾਂ ਨੂੰ ਵਸਾਉਣ ਲਈ ਸਭ ਕੁਝ ਕੀਤਾ ਜਾ ਰਿਹਾ ਹੈ। ਬੁਲਾਰੇ ਅਨੁਸਾਰ ਇਕ ਨਵੀਂ ਮਾਰਕੀਟ ਬਨਾਉਣ ਦੀ ਯੋਜਨਾ ਹੈ ਜਿਸ ਵਿਚ ਪ੍ਰਭਾਵਿਤ ਦੁਕਾਨਦਾਰਾਂ ਨੂੰ ਦੁਕਾਨਾਂ ਉਤੇ ਮਕਾਨ ਬਣਾ ਕੇ ਰਿਹਾਇਸ਼ਾਂ ਮੁਹੱਈਆ ਕਰਾਈਆਂ ਜਾਣਗੀਆਂ। ਬੁਲਾਰੇ ਅਨੁਸਾਰ ਕਿਰਾਏਦਾਰ ਅਤੇ ਮਾਲਕ ਨੂੰ ਪਲਾਟ ਦੇਣ ਦੀ ਯੋਜਨਾ ਹੈ, ਜੋ ਟਰੱਸਟ ਰਿਜ਼ਰਵ ਕੀਮਤ ਤੇ ਦੇਵੇਗਾ। ਇਹ ਮਾਰਕੀਟ ਸ੍ਰੀ ਦਰਬਾਰ ਸਾਹਿਬ ਦੇ ਨੇੜੇ ਹੀ ਬਣਾਈ ਜਾਏਗੀ। ਪੰਜਾਬ ਵਪਾਰ ਮੰਡਲ ਦੇ ਸਕੱਤਰ ਸ੍ਰੀ ਸਿਯਾਮ ਸੁੰਦਰ ਅਰੋੜਾ ਨੇ ਦਸਿਆ ਹੈ ਕਿ ਸ਼ਹੀਦ ਮਾਰਕੀਟ ਦੀਆਂ ਤਿੰਨ ਦੁਕਾਨਾਂ ਗਿਰਾ ਦਿਤੀਆਂ ਗਈਆਂ ਹਨ ਅਤੇ ਇਸ ਖੇਤਰ ਦੇ ਲੋਕਾਂ ਨੇ ਹਾਈਕੋਰਟ ਵਿਚ ਰਿਟ ਕਰਨ ਦਾ ਫੈਸਲਾ ਕੀਤਾ ਹੈ ਤਾਂ ਜੋ ਹੋਰ ਦੁਕਾਨਾਂ ਤੇ ਮਕਾਨਾਂ ਨੂੰ ਡੇਗਿਆ ਨਾ ਜਾ ਸਕੇ। —ਅਜੀਤ, ੧-੮-੮੪

### ਦਰਬਾਰ ਸਾਹਿਬ ਨੂੰ ਫੌਜ ਤੋਂ ਮੁਕਤ ਕਰਾਉਣ ਲਈ ਸ਼ਹੀਦੀ ਜਥੇ–

ਸ਼ਰੋਮਣੀ ਅਕਾਲੀ ਦਲ ਵਲੋਂ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਜੀ ਕੰਪਲੈਕਸ ਵਿਚੋਂ ਫੌਜ ਨੂੰ ਕਢ ਕੇ ਸਾਰਾ ਪਰਬੰਧ ਸ਼ਰੋਮਣੀ ਕਮੇਟੀ ਦੇ ਹਵਾਲੇ ਕਰਨ ਵਾਸਤੇ ਕਿਹਾ ਗਿਆ ਸੀ। ਸਰਕਾਰ ਵਲੋਂ ਇਹ ਮੰਗ ਨਾ ਮੰਨੀ ਜਾਣ ਤੇ ਸ਼੍ਰੋ: ਅਕਾਲੀ ਦਲ ਵਲੋਂ ਸ਼ਹੀਦੀ ਜਥੇ ਦਰਬਾਰ ਸਾਹਿਬ ਵਲ ਮਾਰਚ ਕਰਨ ਲਈ ਪ੍ਰੋਗਰਾਮ ਉਲੀਕਿਆ



www.AKJ.Org

ਗਿਆ। ਪਹਿਲਾ ਜਥਾ ਬੀਬੀ ਰਾਜਿੰਦਰ ਕੌਰ ਦੀ ਜਥੇਦਾਰੀ ਵਿਚ ੧੯ ਜੁਲਾਈ ਨੂੰ ੭੦ ਬੀਬੀਆਂ ਤੇ ੩੦ ਸਿੰਘਾਂ ਦਾ ਤੋਰਿਆ ਗਿਆ, ਜਿਸ ਨੂੰ ਗੁ: ਸ਼ਹੀਦ ਬਾਬਾ ਦੀਪ ਸਿੰਘ ਜੀ ਤੋਂ ਬਾਹਰ ਨਿਕਲਦਿਆਂ ਹੀ ਗ੍ਰਿਫ਼ਤਾਰ ਕਰ ਲਿਆ ਗਿਆ। ਉਸ ਦਿਨ ਤੋਂ ਰੋਜ਼ਾਨਾ ਜਥੇ ਭੇਜਣ ਤੇ ਗ੍ਰਿਫ਼ਤਾਰ ਹੋਣ ਦਾ ਸਿਲਸਿਲਾ ਅਜ ਤਕ ਜਾਰੀ ਹੈ।

**ਪ੍ਰੀਖਿਆ-ਕੇਂਦਰ ਚੋਂ ੪੦ ਸਿਖਿਆਰਥੀਆਂ ਵਲੋਂ ਵਾਕ-ਆਊਟ, ਕਿਰਪਾਨ ਉਤਾਰਨ ਤੋਂ ਨਾਂਹ–**

ਗੁਰਦਾਸਪੁਰ, ੨੨ ਜੁਲਾਈ–(ਫੋਨ-ਪਤਰ ਪਰੇਰਕ) ਬੀਤੇ ਦਿਨ ਬਟਾਲਾ ਵਿਚ ਪੋਲੀਟੈਕਨਿਕ ਦੇ ਪ੍ਰੀਖਿਆ ਕੇਂਦਰ ਦੇ ੪੦ ਸਿਖਿਆਰਥੀ ਇਸ ਕਰਕੇ ਰੋਸ ਵਜੋਂ ਵਾਕ ਆਊਟ ਕਰ ਗਏ ਕਿ ਉਹਨਾਂ ਨੂੰ ਕਿਰਪਾਨ ਉਤਾਰਨ ਲਈ ਕਿਹਾ ਗਿਆ ਸੀ। ਪ੍ਰੀਖਿਆ ਕੇਂਦਰ ਦੇ ਅਧਿਕਾਰੀਆਂ ਦਾ ਕਹਿਣਾ ਸੀ ਕਿ ਉਹ ਸਰਕਾਰੀ ਆਦੇਸ਼ਾਂ ਅਨੁਸਾਰ **੨ ਇੰਚ ਦੀ ਕਿਰਪਾਨ ਪਹਿਨ ਕੇ ਪ੍ਰੀਖਿਆ ਕੇਂਦਰ ਵਿਚ ਜਾ ਸਕਦੇ ਹਨ। ਅਧਿਕਾਰੀ, ਸਿਖਿਆਰਥੀਆਂ ਨੂੰ ਦੋ ਦੋ ਇੰਚ ਦੀਆਂ ਕਿਰਪਾਨਾਂ ਆਪਣੇ ਕੋਲੋਂ ਦੇਣ ਲਈ ਤਿਆਰ ਸਨ।** ਪਰ ੪੦ ਵਿਦਿਆਰਥੀ ਇਮਤਿਹਾਨ ਦੇਣ ਤੋਂ ਬਿਨਾਂ ਹੀ ਵਾਕ ਆਊਟ ਕਰ ਗਏ। —ਅਜੀਤ, ੨੩-੭-੮੪

# ਅਕਾਲ ਤਖ਼ਤ ਸੰਬੰਧੀ ਖੋਜ

[ਸ: ਸ਼ਮਸ਼ੇਰ ਸਿੰਘ ਜੀ ਅਸ਼ੋਕ ਪ੍ਰਸਿਧ ਇਤਿਹਾਸਕਾਰ]

ਬਾਬਾ ਸੰਤਾ ਸਿੰਘ ਨਿਹੰਗ ਜਥੇਦਾਰ ਛਿਆਨਵੇਂ ਕਰੋੜੀ ਬੁੱਢਾ ਦਲ ਦਾ ਇਹ ਬਿਆਨ ਕਿ ਤਮਾਮ ਗੁਰਦੁਆਰਿਆਂ ਤੇ ਪੰਜ ਤਖਤਾਂ ਦਾ ਅਸਲ ਵਾਰਿਸ ਨਿਹੰਗਾਂ ਦਾ ਬੁੱਢਾ ਦਲ ਹੈ, ਅਸਲੀਅਤ ਤੇ ਤਾਰੀਖ਼ੀ ਵਾਕਿਆਤ ਤੋਂ ਬਹੁਤ ਦੂਰ ਹੈ। ਜੇ ਸਿਖ ਇਤਿਹਾਸ ਨੂੰ ਗ਼ੌਰ ਨਾਲ ਵਾਚਿਆ ਜਾਵੇ ਤਾਂ ਬੰਸਾਵਲੀਨਾਮੇ ਦੇ ਕਥਨ ਅਨੁਸਾਰ ਸ੍ਰੀ ਦਸਮੇਸ਼ ਨੇ ਸਿਖਾਂ ਨੂੰ ਉਨ੍ਹਾਂ ਦੇ ਕੰਮਾਂ ਦੇ ਅਨੁਸਾਰ ਚਾਰ ਹਿਸਿਆਂ ਵਿਚ ਵੰਡਿਆ ਸੀ—

(੧) ਦੀਦਾਰੀ ਜਾਂ ਦਰਬਾਰੀ। (੨) ਘਰਬਾਰੀ। (੩) ਮੁਕਤੇ। (੪) ਸੇਵਾਦਾਰ।

ਦੀਦਾਰੀ ਜਾਂ ਦਰਬਾਰੀ ਸਿਖ ਉਨ੍ਹਾਂ ਦੇ ਆਨੰਦਪੁਰੀ ਰਾਜ ਦਰਬਾਰ ਦੇ ਸਵਾਗਤੀ ਮੈਂਬਰ ਸਨ। ਘਰਬਾਰੀ ਸਿਖ ਉਨ੍ਹਾਂ ਨੂੰ ਕਿਹਾ ਜਾਂਦਾ ਸੀ ਜੋ ਸ਼ਰਧਾ ਭਾਵ ਸਹਿਤ ਦੂਰ ਨੇੜਿਉਂ ਪਿੰਡਾਂ ਅਥਵਾ ਨਗਰਾਂ ਤੋਂ ਆਉਂਦੇ ਤੇ ਭੇਟਾ ਅਰਪਨ ਕਰ ਕੇ ਮੁੜ ਜਾਂਦੇ ਸਨ। ਮੁਕਤੇ ਸਿਖ ਘਰਾਂ ਦੀ ਮੋਹ ਮਮਤਾ ਤੋਂ ਰਹਿਤ ਫ਼ੌਜੀ ਸਿੰਘਾਂ ਨੂੰ ਕਿਹਾ ਜਾਂਦਾ ਸੀ, ਜੋ ਹਮੇਸ਼ਾ ਸਨੱਧਬਧ ਰਹਿ ਕੇ ਨੀਲਾ ਬਾਣਾ ਪਹਿਨਦੇ ਸਨ। ਤੇ ਸੇਵਾਦਾਰ ਸਿਰਫ ਗੁਰੂ ਕੇ ਲੰਗਰ, ਘੋੜਸਾਲ ਆਦਿ ਦੀ ਸੇਵਾ ਕਰਨ ਵਾਲੇ ਸਿਖਾਂ ਦੀ ਸ਼੍ਰੇਣੀ ਸੀ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੇ ਬਾਬਾ ਬੰਦਾ ਬਹਾਦਰ ਦੇ ਸਮੇਂ ਇਹ ਨੀਲੰਬਰਧਾਰੀ ਮੁਕਤੇ ਅਥਵਾ ਫ਼ੌਜੀ ਸਿਖ ਹੀ ਧਰਮ-ਜੁੱਧਾਂ ਦੇ ਕੰਮ-ਕਾਜ ਭੁਗਤਾਉਂਦੇ ਰਹੇ, ਬਾਕੀ ਹੋਰ ਸਿਖ ਕਦੇ ਘੱਟ ਵੱਧ ਹੀ ਇਸ ਮੈਦਾਨ ਵਿਚ ਨਿਤਰਦੇ ਰਹੇ। ਫੇਰ ਬਾਬਾ ਬੰਦਾ ਬਹਾਦਰ ਤੋਂ ਪਿੱਛੋਂ ਪਹਿਲਾਂ ਬੰਦਈ ਖਾਲਸਾ ਤੇ ਤੱਤ ਖਾਲਸਾ ਦੇ ਜਥੇ ਸਿੰਘਾਂ ਦੇ ਬਣੇ ਤੇ ਤੱਤ ਖਾਲਸਾ ਇਸ ਤੋਂ ਪਿੱਛੋਂ ਜਲਦੀ ਹੀ ਦਲ ਖਾਲਸਾ ਦੇ ਰੂਪ ਵਿਚ ਬਦਲ ਗਿਆ। ਫੇਰ ਦਲ ਖਾਲਸਾ ਦੇ ਵੀ ਦੋ ਭਾਗ ਬਣ ਗਏ (੧) ਬੁੱਢਾ ਦਲ। (੨) ਤਰਨਾ ਦਲ। ਇਸ ਤੋਂ ਬਾਅਦ ਬੁੱਢਾ ਦਲ ਤੇ ਤਰਨਾ ਦਲ ਸਮੇਤ ਸਮੁੱਚਾ 'ਦਲ ਖਾਲਸਾ' ਵੀ ਵੱਖੋ ਵੱਖ ਪੰਜ ਜਥੇਬੰਦੀਆਂ ਵਿਚ ਵਟ ਗਿਆ। ਉਹ ਜਥੇਬੰਦੀਆਂ ਸਨ (੧) ਜਥਾ ਸ਼ਹੀਦਾਂ ਦਾ। (੨) ਜਥਾ ਅੰਮ੍ਰਿਤਸਰੀਆਂ ਦਾ। (੩) ਜਥਾ ਡੱਲੇਵਾਲੀਆਂ ਦਾ। (੪) ਜਥਾ ਸਾਹਿਬ-ਜ਼ਾਦਿਆਂ ਦਾ। (੫) ਜਥਾ ਮਜ਼ਬੀਆਂ ਤੇ ਰਵਿਦਾਸੀਆਂ ਦਾ। ਜਥਿਆਂ ਦੀ ਇਹ ਵੰਡ ਸੰਨ ੧੭੩੪-੩੫ ਈਸਵੀ ਦੀ ਗੱਲ ਹੈ। ਇਸ ਤੋਂ ਲੱਗ ਪੱਗ ੧੨ ਸਾਲ ਪਿੱਛੋਂ ਜਦ ਸੰਨ ੧੭੪੬ ਈਸਵੀ ਵਿਚ ਕਾਹਨੂੰਵਾਨ ਦੇ ਸਥਾਨ ਪੁਰ ਛੋਟਾ ਘੱਲੂਘਾਰਾ ਸ਼ੁਰੂ ਹੋਇਆ ਤਾਂ ਸਿਖਾਂ ਨੇ ਪਿੱਛਲੀਆਂ ਪੰਜੇ ਜਥੇਬੰਦੀਆਂ ਖ਼ਤਮ ਕਰ ਕੇ ਸਾਰੇ ਖਾਲਸਾ ਪੰਥ ਨੂੰ ੧੨ ਮਿਸਲਾਂ ਵਿਚ—ਮਿਸਲ ਭੰਗੀਆਂ, ਮਿਸਲ ਆਹਲੂਵਾਲੀਆਂ, ਮਿਸਲ ਸ਼ਹੀਦਾਂ ਆਦਿ ਦੀ ਸ਼ਕਲ ਵਿਚ ਵੰਡਿਆ ਤੇ ਫੇਰ ਅਹਿਮਦ ਸ਼ਾਹ ਅਬਦਾਲੀ ਦੇ ਸੰਨ ੧੭੬੨ ਈਸਵੀ ਦੇ ਟਾਕਰੇ ਤੋਂ ਬਾਅਦ ਜਦ ਸ੍ਰੀ ਦਰਬਾਰ ਸਾਹਿਬ



www.AKJ.Org

ਨਵੇਂ ਸਿਰਿਉਂ ਉਸਾਰਿਆ ਗਿਆ ਤਾਂ ਸ੍ਰੀ ਹਰਿਮੰਦਰ ਸਾਹਿਬ ਰਾਮਸਰ ਆਦਿ ਸਾਰੇ ਇਤਿਹਾਸਕ ਗੁਰਦੁਆਰੇ ਤੇ ਹੋਰ ਧਰਮ ਸਥਾਨ ਪੁਜਾਰੀਆਂ ਦੇ ਕਬਜ਼ੇ ਵਿਚ ਕਰ ਦਿਤੇ ਤੇ ਮੁਕਤੇ ਅਥਵਾ ਫ਼ੌਜੀ ਸਿੰਘਾਂ ਨੇ ਗੁਰਦੁਆਰਿਆਂ ਦੇ ਪ੍ਰਬੰਧ ਵਿਚ, ਸਿਵਾਏ ਸਾਧਾਰਨ ਜਿਹੀ ਦੇਖ ਰੇਖ ਤੋਂ ਕਦੇ ਹੱਥ ਨਹੀਂ ਪਾਇਆ। ਇਸ ਲਈ ਬਾਬਾ ਸੰਤਾ ਸਿੰਘ ਦਾ ਇਹ ਕਥਨ ਕਿ ਉਹ ਗੁਰਦੁਆਰਿਆਂ ਜਾਂ ਹੋਰ ਧਾਰਮਿਕ ਸਥਾਨਾਂ ਦੇ ਅਸਲ ਵਾਰਿਸ ਹਨ, ਕਿਸੇ ਤਰ੍ਹਾਂ ਵੀ ਸਹੀ ਸਾਬਤ ਨਹੀਂ ਹੁੰਦਾ।

ਇਸ ਦੇ ਨਾਲ ਹੀ ਬਾਬਾ ਸੰਤਾ ਸਿੰਘ ਜੀ ਦਾ ਇਹ ਕਥਨ ਵੀ ਠੀਕ ਨਹੀਂ ਕਿ ਉਹ ਨਵਾਬ ਕਪੂਰ ਸਿੰਘ ਜਾਂ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਦੇ ਜਾ-ਨਸ਼ੀਨ ਹਨ। ਨਵਾਬ ਕਪੂਰ ਸਿੰਘ ਦੀ ਮਿਸਲ ਸਿੰਘਪੁਰੀਆ ਅਤੇ ਸ: ਜੱਸਾ ਸਿੰਘ ਆਹਲੂਵਾਲੀਏ ਦੀ ਮਿਸਲ ਆਹਲੂਵਾਲੀਆ ਮਸ਼ਹੂਰ ਹੈ। ਇਸ ਲਈ ਇਨ੍ਹਾਂ ਮਿਸਲਾਂ ਦੇ ਕੁਰਸੀ-ਨਾਮੇ ਵਿਚ ਉਨ੍ਹਾਂ ਦਾ ਕਿਤੇ ਜ਼ਿਕਰ ਨਹੀਂ ਆਉਂਦਾ। ਤਾਰੀਖ਼ੀ ਗੁਰਦੁਆਰੇ ਤਾਂ ਇਕ ਵੱਖਰੀ ਗੱਲ ਹੈ। ਗੁਰੂ ਖਾਲਸੇ ਦੇ ਪੰਜੇ ਤਖਤ ਕਦੇ ਵੀ ਸਮੁਚੇ ਰੂਪ ਵਿਚ ਨਿਹੰਗਾਂ ਦੇ ਕਬਜ਼ੇ ਹੇਠ ਨਹੀਂ ਰਹੇ। ਜੇ ਫੌਜੀ ਗਾਰਦ ਵਜੋਂ ਨਿਹੰਗ ਸਿਘ ਕਦੇ ਕਿਸੇ ਤਖਤ ਦੇ ਗਿਰਦ ਪਹਿਰਾ ਦਿੰਦੇ ਰਹੇ, ਜਿਵੇਂ ਕਿ ਸਿਖ ਮਿਸਲਾਂ ਵਲੋਂ ਗੁਰਮਤੇ ਸੋਧਣ ਸਮੇਂ ਆਮ ਰਿਵਾਜ ਸੀ, ਤਾਂ ਉਹ ਕਿਸੇ ਸਥਾਨ ਦੇ ਮਾਲਿਕ ਨਹੀਂ ਗਿਣੇ ਜਾ ਸਕਦੇ।

ਇਸ ਲਈ ਇਮਾਨਦਾਰੀ ਨਾਲ ਮੇਰੀ ਇਹੋ ਰਾਇ ਹੈ ਕਿ ਬਾਬਾ ਸੰਤਾ ਸਿੰਘ ਜੀ ਨੂੰ ਚੰਗੇ ਸਾਬਕਾ ਨਿਹੰਗ ਆਗੂਆਂ ਵਾਂਗ ਹਮੇਸ਼ਾ ਨਿਰਪੱਖਤਾ ਦਾ ਰਾਹ ਅਪਨਾਉਣਾ ਚਾਹੀਦਾ ਹੈ। ਸਿਆਸਤ ਦੇ ਚਿਕੜ ਵਿਚ ਫਸਣਾ ਉਨ੍ਹਾਂ ਲਈ ਜੇ ਅੱਜ ਨਹੀਂ ਤਾਂ ਕਲ੍ਹ ਜਾਂ ਕੁਝ ਸਮਾਂ ਪਾ ਕੇ ਦੁਖਦਾਈ ਸਾਬਤ ਹੋਏਗਾ। ਸ੍ਰੀ ਅਕਾਲ ਤਖਤ ਦੇ ਹੁਕਮਨਾਮੇ ਤੋਂ ਉਹ ਬਰੀ ਜਾਂ ਆਜ਼ਾਦ ਕਰਾਰ ਨਹੀਂ ਦਿੱਤੇ ਜਾ ਸਕਦੇ। ਇਸ ਲਈ ਸ੍ਰੀ ਅਕਾਲ ਤਖ਼ਤ ਜਾਂ ਬਾਕੀ ਤਖਤਾਂ ਦਾ ਜੋ ਵੀ ਹੁਕਮਨਾਮਾ ਹੋਵੇ, ਉਨ੍ਹਾਂ ਤੇ ਹਮੇਸ਼ਾ ਹਾਵੀ ਤੇ ਪ੍ਰਭਾਵੀ ਹੋਵੇਗਾ। —ਅਜੀਤ, ੨੯-੭-੮੪

---

## ਮਾਤਾ ਕੇਸਰ ਕੌਰ ਜੀ ਜਲੰਧਰ ਵਾਲੇ ਵਿਛੋੜਾ ਦੇ ਗਏ

ਭਾਈ ਤ੍ਰਿਲੋਕ ਸਿੰਘ ਜੀ (ਜਲੰਧਰ) ਦੇ ਮਾਤਾ ਕੇਸਰ ਕੋਰ ਜੀ ਸੁਪਤਨੀ ਭਾਈ ਸੰਤ ਸਿੰਘ ਜੀ ੨੩ ਜੂਨ ੧੯੮੪ ਨੂੰ ਸਤਿਗੁਰੂ ਜੀ ਨੂੰ ਪਿਆਰੇ ਹੋ ਗਏ ਹਨ। ਆਪ ਜੀ ਗੁਰੂ ਕੇ ਲੰਗਰ ਵਿਚ ਅਤੁਟ ਸੇਵਾ ਕਰਿਆ ਕਰਦੇ ਸਨ। ਮਾਤਾ ਜੀ ਦੇ ਨਮਿਤ ਸ੍ਰੀ ਅਖੰਡਪਾਠ ਤੇ ਕੀਰਤਨ ਸਮਾਗਮ ਉਨ੍ਹਾਂ ਦੇ ਗ੍ਰਿਹਿ ਵਿਖੇ ੧-੭-੮੪ ਨੂੰ ਹੋਏ। ਜਲੰਧਰ, ਲੁਧਿਆਣਾ ਤੇ ਹੋਰ ਦੂਰੋਂ ਨੇੜਿਓਂ ਗੁਰੂ ਕੇ ਕੀਰਤਨੀਏ ਤੇ ਸੰਗਤਾਂ ਪੁਜੀਆਂ ਅਤੇ ਮਾਤਾ ਜੀ ਨੂੰ ਗੁਰਬਾਣੀ ਦੁਆਰਾ ਅਸੀਸੜੀਆਂ ਦਿਤੀਆਂ ਗਈਆਂ। ਇਸ ਸਮੇਂ ਪਰਵਾਰ ਵਲੋਂ ੧੦੨ ਰੁਪਏ 'ਸੂਰਾ' ਮਾਸਕ ਪੱਤਰ ਨੂੰ ਭੇਟ ਕੀਤੇ ਗਏ।

## ਟੀ. ਵੀ. ਵਿਚ ਕਾਰ-ਸੇਵਾ ਤੇ ਸਾਡੀਆਂ ਤਸਵੀਰਾਂ

੨੯-੭-੮੪ ਨੂੰ ਸ਼ਾਮ ੭-੩੦, ੯-੦੦ ਅਤੇ ੯-੫੦ ਰਾਤ ਦੀਆਂ ਟੀ. ਵੀ. ਖ਼ਬਰਾਂ ਵਿਚ ਸ੍ਰੀ ਹਰਿਮੰਦਰ ਸਾਹਿਬ ਵਿਖੇ ਸਰਕਾਰ ਵਲੋਂ ਕਰਾਈ ਜਾ ਰਹੀ ਕਾਰ-ਸੇਵਾ ਦੀ ਫਿਲਮ ਵਿਚ ਦਾਸ (ਸਤਨਾਮ ਸਿੰਘ) ਤੇ ਬਜ਼ਾਰ ਮਾਈ ਸੇਵਾਂ ਦੇ ਕੁਝ ਹੋਰ ਦੁਕਾਨਦਾਰਾਂ ਦੀਆਂ ਤਸਵੀਰਾਂ ਵਿਖਾਈਆ ਗਈਆਂ ਕਿ ਇਹ ਸੇਵਾ ਲਈ ਜਾ ਰਹੇ ਹਨ।

ਅਸਲੀਅਤ ਇਹ ਹੈ ਕਿ ਅਸੀਂ ਸਾਰੇ ਦੁਕਾਨਦਾਰ ਆਪਣੀਆਂ ਦੁਕਾਨਾਂ ਖੁਲ੍ਹਵਾਣ ਲਈ ਮਿਲਟਰੀ-ਅਫ਼ਸਰਾਂ ਤੋਂ ਪਾਸ ਲੈਣ ਲਈ ਘੰਟਾ ਘਰ ਚੋਕ ਵਿਚ ਮੈ: ਅਮੀ ਚੰਦ ਐਂਡ ਕੰਪਨੀ ਸੋਡੇ ਵਾਲਿਆਂ ਦੀ ਦੁਕਾਨ ਲਾਗੇ ਖੜੇ ਸਾਂ। ਬਜ਼ਾਰ ਮਾਈ ਸੇਵਾਂ ਦੇ ਦੁਕਾਨਦਾਰਾਂ ਦਾ ਅਤੇ ਮੇਰਾ ਇਸ ਸਰਕਾਰ-ਸੇਵਾ ਨਾਲ, ਜੋ ਸਰਕਾਰੀ ਏਜੰਟ ਬਾਬਾ ਸੰਤਾ ਸਿੰਘ ਨਿਹੰਗ ਰਾਹੀਂ ਕਰਵਾਈ ਜਾ ਰਹੀ ਹੈ, ਦੂਰ ਦਾ ਵੀ ਕੋਈ ਵਾਸਤਾ ਨਹੀਂ।

ਸਤਨਾਮ ਸਿੰਘ ਸਕੱਤ੍ਰ ਅੰਮ੍ਰਿਤਸਰ ਪਬਲਿਸ਼ਰਜ਼ ਐਸੋਸੀਏਸ਼ਨ,
ਅਤੇ ਮਾਲਕ ਸਿੰਘ ਬ੍ਰਦਰਜ਼, ਮਾਈ ਸੇਵਾਂ, ਸ੍ਰੀ ਅੰਮ੍ਰਿਤਸਰ

www.AKJ.Org

# ਵਿਰੋਧੀ ਦਲਾਂ ਦੇ ਵਫ਼ਦ ਦੀ ਅਪੀਲ—

## ਦਰਬਾਰ ਸਾਹਿਬ ਸਮੂਹ ਚੋਂ ਤੁਰੰਤ ਫ਼ੌਜ ਕਢ ਕੇ ਕਾਰ-ਸੇਵਾ ਬਾਬਾ ਖੜਕ ਸਿੰਘ ਨੂੰ ਸੌਂਪੀ ਜਾਵੇ—

ਜਲੰਧਰ, ੨ ਅਗਸਤ—(ਸਟਾਫ ਰਿਪੋਰਟਰ)—ਵਖ ਵਖ ਕੌਮੀ ਪਾਰਟੀਆਂ ਦੇ ਨੇਤਾਵਾਂ ਨੇ ਭਾਰਤ ਸਰਕਾਰ ਤੇ ਜ਼ੋਰ ਦਿਤਾ ਹੈ ਕਿ ਉਹ ਪੰਜਾਬ ਵਿਚ ਹਾਲਾਤ ਨਾਰਮਲ ਬਨਾਉਣ ਅਤੇ ਸਿਖ ਵਰਗ ਦੇ ਜ਼ਖਮ ਭਰਨ ਲਈ ਤੁਰੰਤ ਫ਼ੌਜ ਦਰਬਾਰ ਸਾਹਿਬ ਸਮੂਹ ਵਿਚੋਂ ਵਾਪਸ ਸੱਦੇ ਅਤੇ ਕਾਰ ਸੇਵਾ ਦਾ ਕੰਮ ਬਾਬਾ ਖੜਕ ਸਿੰਘ ਦੇ ਹਵਾਲੇ ਕੀਤਾ ਜਾਵੇ।

ਅਜ ਜਲੰਧਰ ਵਿਚ ਇਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਜਨਵਾਦੀ ਪਾਰਟੀ ਦੇ ਪ੍ਰਧਾਨ ਸ੍ਰੀ ਚੰਦਰ-ਜੀਤ ਯਾਦਵ, ਸੀ.ਪੀ.ਆਈ. ਦੇ ਜਨਰਲ ਸਕਤਰ ਸ੍ਰੀ ਰਾਜੇਸ਼ਵਰ ਰਾਓ, ਕਾਂਗਰਸ (ਐਸ) ਦੇ ਚੂਨੀ ਕ੍ਰਿਸ਼ਨਨ, ਸੀ. ਪੀ. ਐਮ. ਦੇ ਸਮਰ ਮੁਕਰਜੀ, ਸ੍ਰੀਮਤੀ ਗੀਤਾ ਮੁਕਰਜੀ, ਵਿਪਨ ਘੋਸ਼ ਅਤੇ ਸ਼ਾਮ ਸੁੰਦਰ ਲਾਲ (ਡੀ. ਐਸ. ਪੀ.) ਨੇ ਕਿਹਾ ਕਿ ਜੇ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਸਿਖਾਂ ਦੇ ਜ਼ਖਮ ਭਰਨ ਲਈ ਗੰਭੀਰ ਹਨ ਤਾਂ ਉਹਨਾਂ ਨੂੰ ਤੁਰੰਤ ਉਕਤ ਮੰਗਾਂ ਮੰਨ ਲੈਣੀਆਂ ਚਾਹੀਦੀਆਂ ਹਨ ਅਤੇ ਸ੍ਰੀ ਅਕਾਲ ਤਖ਼ਤ ਦੀ ਉਸਾਰੀ ਜਾਂ ਮੁਰੰਮਤ ਦਾ ਕੰਮ ਸ਼੍ਰੋਮਣੀ ਕਮੇਟੀ ਤੇ ਛਡ ਦੇਣਾ ਚਾਹੀਦਾ ਹੈ। ਅਜਿਹਾ ਨਾ ਕਰਨਾ ਗੁਰਦੁਆਰਾ ਐਕਟ ਦੀ ਧਾਰਾ ੫੬ ਦੀ ਉਲੰਘਣਾ ਹੈ।

### ਅੰਮ੍ਰਿਤਸਰ ਦਾ ਦੌਰਾ—

ਇਹ ਨੇਤਾ ਅੰਮ੍ਰਿਤਸਰ ਦੀ ਹਾਲਤ ਦਾ ਜਾਇਜ਼ਾ ਲੈ ਕੇ ਆਏ ਹਨ। ਉਹਨਾਂ ਕਾਰ ਸੇਵਾ ਦਾ ਕੰਮ ਵੀ ਦੇਖਿਆ। ਇਕ ਪ੍ਰਸ਼ਨ ਦੇ ਉਤਰ ਵਿਚ ਉਨ੍ਹਾਂ ਕਿਹਾ ਕਿ ਕਲ੍ਹ ਕੇਵਲ ੨੫-੩੦ ਆਦਮੀ ਕਾਰ ਸੇਵਾ ਦਾ ਕੰਮ ਕਰ ਰਹੇ ਸਨ, ਹਾਲਾਂ ਕਿ ਪ੍ਰਚਾਰ ਹਜ਼ਾਰਾਂ ਲੋਕਾਂ ਦੇ ਸ਼ਾਮਲ ਹੋਣ ਦਾ ਕੀਤਾ ਜਾਂਦਾ ਹੈ। ਇਹ ਲੋਕ ਇੱਟਾਂ ਚੁਕ ਰਹੇ ਸਨ।

### ਪੰਜਾਬ ਵਿਚ ਸੈਨਾ—

ਉਹਨਾਂ ਕਿਹਾ ਕਿ ਅਸੀਂ ਹਾਲਾਂ ਪੂਰੇ ਪੰਜਾਬ ਵਿਚੋਂ ਫ਼ੌਜ ਵਾਪਸੀ ਦੀ ਮੰਗ ਨਹੀਂ ਕਰ ਰਹੇ, ਪਰ ਦਰਬਾਰ ਸਾਹਿਬ ਤੋਂ ਫ਼ੌਜ ਹਟਾਈ ਜਾਣੀ ਚਾਹੀਦੀ ਹੈ। ਤੋਸ਼ਾਖਾਨਾ ਅਤੇ ਲਾਕਰ ਤੇ ਫ਼ੌਜ ਪਹਿਰਾ ਦੇ ਰਹੀ ਹੈ, ਜੋ ਸਿਖਾਂ ਨੂੰ ਖਿਝਾਉਣ ਵਾਲੀ ਗੱਲ ਹੈ, ਜੋ ਤੁਰੰਤ ਖ਼ਤਮ ਹੋਣੀ ਚਾਹੀਦੀ ਹੈ। —ਅਜੀਤ, ੩-੮-੮੪

---

# ਸੂਰਾ ਦੇ ਨਵੇਂ ਅਮਾਨਤੀ ਲਾਈਫ਼ ਮੈਂਬਰ

ਹੇਠ ਲਿਖੇ ੩੨ ਮੈਂਬਰਾਂ ਵਿਚੋਂ ਸ: ਏ. ਐਸ. ਸੋਹਲ ਯੂ.ਕੇ. ਵਲੋਂ 750/—ਰੁਪਏ ਅਤੇ ਬਾਕੀ ਸਭ ਵਲੋਂ ਡੇਢ ਡੇਢ ਸੌ ਰੁਪਏ ਪੁੱਜੇ ਹਨ, ਸਭ ਦੀ ਸਾਂਝੀ ਐਫ ਡੀ. ਬੈਂਕ ਚੋਂ ਬਣਵਾ ਲਈ ਗਈ ਹੈ, ਜਿਸ ਦਾ ਨੰਬਰ ਇਉਂ ਹੈ—622696/445/84 ਮਿਤੀ 1-8-84, ਰਕਮ 5400/—ਰੁਪਏ।

ਸ. ਕੰਵਲਜੀਤ ਸਿੰਘ ੬੨੪੮, ਗੁਰਦਵਾਰਾ ਈ. ਐਮ. ਈ. ਸਕੰਦਰਾਬਾਦ ੬੨੪੯, ਸ: ਐਚ. ਐਸ. ਕਾਲਰਾ ੬੨੫੦, ਸ. ਗੁਰਪ੍ਰੀਤ ਸਿੰਘ ੬੨੫੧, ਬੀਬੀ ਮਹਿੰਦਰ ਕੌਰ ੬੨੫੨, ਸ. ਗੁਰਦਿਆਲ ਸਿੰਘ ਫੂਲ ੬੨੫੩, ਸ. ਅਨੂਪ ਸਿੰਘ ਪਾਂਧੀ ੬੨੫੪, ਸ. ਹਰਦਿਆਲ ਸਿੰਘ ੬੨੫੫, ਸ. ਜੋਗਿੰਦਰ ਸਿੰਘ ਸੂਰ ੬੨੫੬, ਸ. ਅਮਰਬੀਰ ਸਿੰਘ ਖਾਲਸਾ ੬੨੫੭, ਸ. ਕਰਮਜੀਤ ਸਿੰਘ ਸਿਧੂ ੬੨੫੮, ਸ. ਰੰਧੀਰ ਸਿੰਘ ੬੨੫੯, ਸ: ਏ. ਐਸ. ਸੋਹਲ ਯੂ. ਕੇ. ੬੨੬੦/੭੦੭੭, ਸ. ਅਮਰ ਸੁਰਜੀਤ ਸਿੰਘ ੬੨੬੧, ਸ. ਸੰਤੋਖ ਸਿੰਘ ਕਲਕੱਤਾ ੬੨੬੨-੬੩-੬੪-੬੫-੬੬-੬੭, ਬਾਬਾ ਜਗਤਾਰ ਸਿੰਘ ਜਥੇਦਾਰ ੬੨੬੮, ਸ. ਗੁਰਕਿਰਪਾਲ ਸਿੰਘ ੬੨੬੯, ਸ: ਉਜਾਗਰ ਸਿੰਘ ਨੰਦਾ ੬੨੭੦, ਸ. ਸੁਰਜੀਤ ਸਿੰਘ ਰਿਆਤ ੬੨੭੧, ਬੀਬੀ ਰਾਮ ਕੌਰ ੬੨੭੨, ਸ. ਦਲਬੀਰ ਸਿੰਘ ੬੨੭੩, ਸ. ਮਨਦੀਪ ਸਿੰਘ ੬੨੭੪, ਸ. ਗਗਨਦੀਪ ਸਿੰਘ ੬੨੭੫, ਡਾ. ਜਗਰੂਪ ਸਿੰਘ ੬੨੭੬, ਸ. ਭਾਗ ਸਿੰਘ ੬੨੭੭, ਸ. ਰਣਧੀਰ ਸਿੰਘ ਗਿਲ ੬੨੭੮, ਗਿ: ਗੁਰਚਰਨ ਸਿੰਘ ੬੨੭੯.



www.AKJ.Org

੧ ੴ ਵਾਹਿਗੁਰੂ ਜੀ ਕੀ ਫ਼ਤਹ ॥

# ਸ੍ਰੀ ਅਕਾਲ ਤਖਤ ਸਾਹਿਬ, ਸ੍ਰੀ ਅੰਮ੍ਰਿਤਸਰ ਜੀ

## ਸ੍ਰੀ ਅਕਾਲ ਤਖਤ ਸਾਹਿਬ ਦਾ

# ਹੁਕਮਨਾਮਾ

## *ਨਿਹੰਗ ਸੰਤਾ ਸਿੰਘ ਪੰਥ ਵਿਚੋਂ ਖਾਰਜ*

ਸ੍ਰੀ ਅਕਾਲ ਤਖਤ ਸਾਹਿਬ ਵਲੋਂ ਮਿਤੀ ੧੯-੭-੮੪ ਨੂੰ ਜਾਰੀ ਕੀਤੇ ਗਏ ਹੁਕਮਨਾਮੇ ਰਾਹੀਂ ਬੁੱਢਾ ਦਲ ਦੇ ਜਥੇਦਾਰ ਭਾਈ ਸੰਤਾ ਸਿੰਘ ਨੂੰ ਸ੍ਰੀ ਅਕਾਲ ਤਖਤ ਸਾਹਿਬ ਦੇ ਹੁਕਮਨਾਮੇ ਦੀ ਉਲੰਘਣਾ ਕਰਨ ਦੇ ਦੋਸ਼ ਵਿਚ ਤਨਖਾਹੀਆ ਕਰਾਰ ਦਿਤਾ ਗਿਆ ਸੀ ਤੇ ਉਸ ਨੂੰ ਹੁਕਮ ਕੀਤਾ ਗਿਆ ਸੀ ਕਿ ਉਹ ਸ੍ਰੀ ਅਕਾਲ ਤਖਤ ਸਾਹਿਬ ਦੀ ਕਾਰ ਸੇਵਾ ਤੁਰਤ ਬੰਦ ਕਰੇ ਅਤੇ ਮਿਤੀ ੨੧-੭-੮੪ ਨੂੰ ਸਵੇਰੇ ੮ ਵਜੇ ਆਪ ਸ੍ਰੀ ਅਕਾਲ ਤਖਤ ਸਾਹਿਬ ਦੇ ਸਾਹਮਣੇ ਹਾਜ਼ਰ ਹੋ ਕੇ ਪੰਜ ਸਿੰਘ ਸਾਹਿਬਾਨ ਪਾਸੋਂ ਆਪਣੀ ਕੀਤੀ ਗਲਤੀ ਦੀ ਭੁੱਲ ਬਖਸ਼ਾਵੇ ਅਤੇ ਤਨਖਾਹ ਲਵਾਵੇ।

ਭਾਈ ਸੰਤਾ ਸਿੰਘ ਨੇ ਮਿਥੀ ਤਰੀਕ ਤੇ ਸਮੇਂ ਉਤੇ ਸ੍ਰੀ ਅਕਾਲ ਤਖਤ ਸਾਹਿਬ ਸਾਹਮਣੇ ਹਾਜ਼ਰ ਹੋ ਕੇ ਆਪਣੀ ਭੁੱਲ ਨਹੀਂ ਬਖਸ਼ਾਈ। ਸਗੋਂ ਪ੍ਰੈਸ ਅਤੇ ਰੇਡੀਓ ਦੇ ਨਾਮਾ-ਨਿਗਾਰਾਂ ਨੂੰ ਬਿਆਨ ਦੇਂਦਿਆਂ ਉਸ ਨੇ ਸ੍ਰੀ ਅਕਾਲ ਤਖਤ ਸਾਹਿਬ ਦੇ ਉਪਰੋਕਤ ਵਰਣਿਤ ਹੁਕਮਨਾਮੇ ਨੂੰ ਚਿਣੌਤੀ ਦਿਤੀ ਹੈ ਅਤੇ ਕਿਹਾ ਹੈ ਕਿ ਉਹ ਇਸ ਹੁਕਮਨਾਮੇ ਦਾ ਪਾਬੰਦ ਨਹੀਂ ਹੈ। ਉਸ ਦਾ ਇਹ ਕਰਤਵ ਸ੍ਰੀ ਅਕਾਲ ਤਖਤ ਸਾਹਿਬ ਦੀ ਖੁਲ੍ਹਮਖੁਲ੍ਹੀ ਬਗਾਵਤ ਹੈ।

***ਸੋ ਬੁੱਢਾ ਦਲ ਦੇ ਜਥੇਦਾਰ ਭਾਈ ਸੰਤਾ ਸਿੰਘ ਦੇ ਸੰਗੀਨ ਦੋਸ਼ ਨੂੰ ਮੁਖ ਰਖਦਿਆਂ ਉਸ ਨੂੰ ਸਿਖ ਪੰਥ ਵਿਚੋਂ ਖ਼ਾਰਜ ਕੀਤਾਜਾਂਦਾ ਹੈ।***

ਉਪਰੋਕਤ ਭਾਈ ਸੰਤਾ ਸਿੰਘ ਵਲੋਂ ਅਰੰਭ ਕੀਤੀ ਹੋਈ ਸ੍ਰੀ ਅਕਾਲ ਤਖਤ ਸਾਹਿਬ ਦੀ ਸੇਵਾ 'ਕਾਰ ਸੇਵਾ' ਨਹੀਂ, 'ਸਰਕਾਰ ਸੇਵਾ' ਹੈ। ਕੋਈ ਗੁਰੂ ਦਾ ਸਿਖ ਇਸ 'ਸਰਕਾਰ ਸੇਵਾ' ਵਿਚ ਕਿਸੇ ਕਿਸਮ ਦਾ ਸਹਿਯੋਗ ਨਾ ਦੇਵੇ। **ਜੋ ਕੋਈ ਪੰਥ ਦਾ ਇਹ ਹੁਕਮ ਮੰਨੇਗਾ ਸੋ ਨਿਹਾਲ ਹੋਏਗਾ।**

ਸਹੀ—ਕਿਰਪਾਲ ਸਿੰਘ
ਜਥੇਦਾਰ, ਸ੍ਰੀ ਅਕਾਲ ਤਖਤ ਸਾਹਿਬ
ਸ੍ਰੀ ਅੰਮ੍ਰਿਤਸਰ

ਸਹੀ—ਸਾਹਿਬ ਸਿੰਘ
ਹੈੱਡ ਗ੍ਰੰਥੀ, ਸ੍ਰੀ ਦਰਬਾਰ ਸਾਹਿਬ
ਸ੍ਰੀ ਅੰਮ੍ਰਿਤਸਰ

ਸਹੀ—ਹਰਿਚਰਨ ਸਿੰਘ ਮੁਹਾਲੋਂ
ਜਥੇਦਾਰ, ਤਖਤ ਸ੍ਰੀ ਕੇਸਗੜ੍ਹ ਸਾ:
ਸ੍ਰੀ ਅਨੰਦਪੁਰ ਸਾਹਿਬ

ਸਹੀ—ਲੱਖਾ ਸਿੰਘ
ਜਥੇਦਾਰ, ਤਖਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ

ਸਹੀ—ਪ੍ਰੀਤਮ ਸਿੰਘ
ਹੈੱਡ ਗ੍ਰੰਥੀ, ਸ੍ਰੀ ਅਕਾਲ ਤਖਤ ਸਾਹਿਬ, ਸ੍ਰੀ ਅੰਮ੍ਰਿਤਸਰ

ਮਿਤੀ ੨੨-੭-੮੪, ਮੁਤਾਬਿਕ ੮ ਸਾਵਣ, ਸੰਮਤ ਨਾਨਕਸ਼ਾਹੀ ੫੧੫



www.AKJ.Org

# ਸ਼ਹੀਦ ਬੀਬੀ ਪਰਮਜੀਤ ਕੌਰ ਜੀ



ਬੀਬੀ ਲਾਡੀ (ਪਰਮਜੀਤ ਕੌਰ) ਸਤਿਗੁਰੂ ਅਤੇ ਗੁਰਸਿਖ ਸੰਗਤਾਂ ਦੀ ਸੇਵਾ ਵਿਚ ਵਧੇਰੇ ਪ੍ਰਸੰਨ ਰਹਿੰਦੇ ਸਨ । ਗੁਰੂ ਮਹਾਰਾਜ ਦੇ ਬਸਤਰ. ਚੰਦੋਏ, ਰੁਮਾਲੇ, ਸੁਖਾਸਨ-ਅਸਥਾਨ ਦੇ ਪਰਦੇ ਅਤੇ ਗੁਰਬਾਣੀ ਦੀਆਂ ਪੋਥੀਆਂ ਦੀਆਂ ਚੋਲੀਆਂ ਬਣਾਉਣ ਵਿਚ ਰੁਝੇ ਰਹਿੰਦੇ ਸਨ । ਗੁਰਬਾਣੀ ਦਾ ਕੀਰਤਨ ਜਿਥੇ ਆਪ ਸਿਖਦੇ ਸਨ ਉਥੇ ਕਈ ਸਿਖ ਬੱਚੀਆਂ ਨੂੰ ਕੀਰਤਨ ਸਿਖਾਣ ਦੀ ਖੁਸ਼ੀ ਲੈਂਦੇ ਸਨ । ਆਖਰੀ ਸਮੇਂ ਸ੍ਰੀ ਅੰਮ੍ਰਿਤਸਰ ਵਿਖੇ ਵਰਤੇ ਮਹਾਨ ਸਾਕੇ ਸਮੇਂ ਵੀ ੪ ਜੂਨ ਨੂੰ ਸ੍ਰੀ ਹਰਿਮੰਦਰ ਸਾਹਿਬ ਵਿਖੇ ਗੁਰਬਾਣੀ-ਕੀਰਤਨ ਦਾ ਰਸ ਮਾਣਦੇ ਰਹੇ ਅਤੇ ੫-੬ ਜੂਨ ਤਕ ਪਰਕਰਮਾ ਵਿਚ ਘਿਰੀਆਂ ਸਿਖ ਸੰਗਤਾਂ ਨੂੰ ਥਾਂ ਥਾਂ ਪੁਜ ਕੇ ਜਲ ਛਕਾਣ ਦੀ ਸੇਵਾ ਕਰਦੇ ਰਹੇ ਅਤੇ ਇਉਂ ਸੇਵਾ ਕਰਦਿਆਂ ਹੋਇਆਂ ਹੀ ਗਿਲੇ ਕਪੜਿਆਂ ਦੇ ਸਟੋਰ ਦੇ ਨੇੜੇ ਭਾਈ ਸੁਆਇਆ ਸਿੰਘ ਦੀ ਛਬੀਲ ਲਾਗੇ ਸ਼ਹੀਦੀ ਪ੍ਰਾਪਤ ਕਰ ਗਏ । ਬੀਬੀ ਜੀ ਪੰਜਾਬੀ ਸਾਹਿਤ ਸਭਾ ਛਬੀਲ ਦੀ ਲਾਇਬਰੇਰੀ ਦੇ ਇਨਚਾਰਜ ਸਨ ਅਤੇ ਇਹ ਲਾਇਬਰੇਰੀ ਇਸ ਛਬੀਲ ਦੇ ਲਾਗੇ ਪ੍ਰਕਰਮਾ ਵਿਚ ਹੀ ਬੇਰੀ ਬਾਬਾ ਬੁਢਾ ਜੀ ਦੇ ਨੇੜੇ ਜਿਹੇ ਸੀ ।

## ਚੰਡੀਗੜ੍ਹ ਵਿਖੇ ਸਾਲਾਨਾ ਅਖੰਡ ਕੀਰਤਨ ਸਮਾਗਮ

### ੨੩ ਅਗਸਤ ਵੀਰਵਾਰ ਸਵੇਰ ਤੋਂ ੨੬ ਅਗਸਤ ਐਤਵਾਰ ਸਵੇਰ ਤਕ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਉਤਸ਼ਵ ਦੇ ਸੰਬੰਧ ਵਿਚ ਰਾਮਗੜ੍ਹੀਆ ਭਵਨ ਸੈਕਟਰ ੨੭-ਡੀ. ਚੰਡੀਗੜ੍ਹ ਵਿਖੇ ਸਾਲਾਨਾ ਪ੍ਰੋਗਰਾਮ ਹੇਠ ਲਿਖੇ ਅਨੁਸਾਰ ਹੋ ਰਹੇ ਹਨ—

੨੩ ਅਗਸਤ ਕੀਰਤਨ ਆਸਾ ਦੀ ਵਾਰ ਉਪਰੰਤ ੬ ਵਜੇ ਸਵੇਰੇ ਸ੍ਰੀ ਅਖੰਡਪਾਠ ਅਰੰਭ, ੨੫ ਅਗਸਤ ਸਵੇਰੇ ਪੰਜ ਵਜੇ ਭੋਗ ਸ੍ਰੀ ਅਖੰਡਪਾਠ, ਉਪਰੰਤ ਅਖੰਡ ਕੀਰਤਨ ਦਿਵਸ ਸੁਹੇਲਾ, ਰਾਤ ਨੂੰ ਅਰੰਭ ਰੈਣ ਸਬਾਈ ਕੀਰਤਨ ।

ਐਤਵਾਰ ਸਵੇਰੇ ੭ ਵਜੇ ਸਮਾਪਤੀ, ਅੰਮ੍ਰਿਤ ਸਿੰਚਾਰ ਸ਼ਨੀਵਾਰ ਸ਼ਾਮ ਪੰਜ ਵਜੇ ਅਰੰਭ ।

ਰਿਹਾਇਸ਼ ਤੇ ਲੰਗਰ ਦਾ ਪਰਬੰਧ ਰਾਮਗੜ੍ਹੀਆ ਭਵਨ ਵਿਖੇ ਹੋਵੇਗਾ । ਲੋੜ ਅਨੁਸਾਰ ਬਿਸਤਰੇ ਨਾਲ ਲਿਆਓ ਜੀ ।

ਦਾਸਰੇ—ਅਖੰਡ ਕੀਰਤਨੀ ਜਥਾ ਚੰਡੀਗੜ੍ਹ ਤੇ ਮੋਹਾਲੀ

## ਮੇਰਠ ਵਿਖੇ ਸਾਲਾਨਾ ਅਖੰਡ ਕੀਰਤਨ ਸਮਾਗਮ

### ੧੮ ਅਗਸਤ ਸ਼ਨੀਵਾਰ ਸਵੇਰ ਤੋਂ ੨੦ ਅਗਸਤ ਸੋਮਵਾਰ ਸਵੇਰ ਤਕ

ਮੇਰਠ ਵਿਖੇ ਸਾਲਾਨਾ ਅਖੰਡ ਕੀਰਤਨ ਸਮਾਗਮ ਜਨਮਾਸ਼ਟਮੀ ਨੂੰ ਹੇਠ ਲਿਖੇ ਹੋਣੇ ਨੀਯਤ ਹੋਏ ਹਨ—

੧੮ ਅਗਸਤ ਸਵੇਰੇ ੬ ਤੋਂ ੧੨ ਆਸਾ ਦੀ ਵਾਰ ਤੇ ਅਖੰਡ ਕੀਰਤਨ ਗੁਰਦੁਆਰਾ ਕਲਗੀਧਰ ਲਾਲ ਕੁੜਤੀ, ਸ਼ਾਮ ੭-੩੦ ਤੋਂ ੯-੩੦ ਅਖੰਡ ਕੀਰਤਨ ਗੁਰਦਵਾਰਾ ਭਾ: ਜੋਗਾ ਸਿੰਘ ਦੇਵਪੁਰੀ, ੧੯ ਅਗਸਤ ਸਵੇਰੇ ੬ ਤੋਂ ੧੨ ਆਸਾ ਦੀ ਵਾਰ ਅਖੰਡ ਕੀਰਤਨ ਤੇ ਗੁ: ਸਤਿਸੰਗ ਸਦਰ ਬਜ਼ਾਰ, ਰਾਤ ਨੂੰ ੮ ਵਜੇ ਰੈਣ ਸਬਾਈ ਕੀਰਤਨ ਗੁ: ਸ੍ਰੀ ਗੁਰੂ ਸਿੰਘ ਸਭਾ ਥਾਪਰ ਨਗਰ ਮੇਰਠ, ੨੦ ਅਗਸਤ ਸੋਮਵਾਰ ਸਵੇਰੇ ੭ ਵਜੇ ਸਮਾਪਤੀ ।

ਰਿਹਾਇਸ਼ ਗੁ: ਸ੍ਰੀ ਗੁਰੂ ਸਿੰਘ ਸਭਾ ਥਾਪਰ ਨਗਰ ਵਿਖੇ ।

ਪੁਛ ਗਿਛ : ਭਾ: ਇਕਬਾਲ ਸਿੰਘ, ਗੁਜਰਾਤੀ ਏਜੰਸੀ, ਸਾਹਮਣੇ ਕੈਂਟ ਹਸਪਤਾਲ,ਮੇਰਠ ਕੈਂਟ ਫੋਨ : ੭੭੧੨੭, ਘਰ ੭੨੯੭੦

ਦਾਸਰੇ—ਅਖੰਡ ਕੀਰਤਨੀ ਜਥਾ ਮੇਰਠ

## ਪਿੰਡ ਕੁਲਾਰ ਵਿਖੇ ਮਾਸਕ ਰੈਣ ਸਬਾਈ

ਮਾਸਟਰ ਸਤਵੰਤ ਸਿੰਘ ਜੀ ਸੂਚਨਾ ਦੇਂਦੇ ਹਨ ਕਿ ਸ੍ਰੀਮਤੀ ਬੀਬੀ ਸੁਰਿੰਦਰ ਕੌਰ ਸੁਪਤਨੀ ਸ਼ਹੀਦ ਗੁਰਮੀਤ ਸਿੰਘ ਜੀ ਦੇ ਪੇਕੇ ਗ੍ਰਹਿ ਪਿੰਡ ਕੁਲਾਰ ਵਿਚ ੧੮ ਅਗਸਤ ਸ਼ਨੀਵਾਰ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ । ਪਿੰਡ ਜਾਣ ਲਈ ਚੰਕੀਮਾਨ ਅਤੇ ਗੁਰਸਰ ਸੁਧਾਰ ਦੋਹਾਂ ਥਾਵਾਂ ਤੋਂ ਟਰਾਲੀ ਚਲੇਗੀ ।

## ਪਿੰਡ ਨੈਨੇਕੋਟ (ਗੁਰਦਾਸਪੁਰ) ਵਿਖੇ ਸ੍ਰੀ ਅਖੰਡਪਾਠ ਤੇ ਅਖੰਡ ਕੀਰਤਨ

ਭਾਈ ਜੋਗਿੰਦਰ ਸਿੰਘ ਬੇਨਤੀ ਕਰਦੇ ਹਨ ਕਿ ਨੈਨੇਕੋਟ ਵਿਖੇ ੧੬ ਸਤੰਬਰ ਐਤਵਾਰ ਨੂੰ ਅੰਮ੍ਰਿਤ ਵੇਲੇ ਸ੍ਰੀ ਅਖੰਡ ਪਾਠ ਦੇ ਭੋਗ ਪੈਣਗੇ । ਉਪਰੰਤ ਦੁਪਹਿਰ ਤਕ ਅਖੰਡ ਕੀਰਤਨ ਹੋਣਗੇ । ਬਟਾਲੇ ਤੋਂ ਕਾਹਨੂੰਵਾਨ ਬਸ ਤੇ ਸਠਿਆਲੀ ਦੇ ਪੁਲ ਤੇ ਉਤਰਨਾ ਹੈ । ਇਥੋਂ ਨੈਨੇਕੋਟ ਡੇਢ ਕਿਲੋਮੀਟਰ ਹੈ ।

www.AKJ.Org